Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 32 | Wednesday, February 16, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਲਾਗੂ ਹੋਣ ਤੋਂ ਬਾਅਦ ਐਮਰਜੰਸੀ ਐਕਟ ਨੂੰ ਅਮਲ ਵਿਚ ਲਿਆਉਣ ਦੀ ਕਾਰਵਾਈ ਸ਼ੁਰੂ

ਓਟਵਾ, 15 ਫਰਵਰੀ (ਪੋਸਟ ਬਿਊਰੋ) : ਫੈਡਰਲ ਮੰਤਰੀਆਂ ਦਾ ਕਹਿਣਾ ਹੈ ਕਿ ਹੁਣ ਜਦੋਂ ਐਮਰਜੰਸੀ ਐਕਟ ਲਾਗੂ ਹੋ ਗਿਆ ਹੈ ਤਾਂ ਇਸ ਨੂੰ ਅਮਲ ਵਿੱਚ ਲਿਆਉਣ ਦਾ ਕੰਮ ਵੀ ਸ਼ੁਰੂ ਹੋ ਚੁੱਕਿਆ ਹੈ। ਉਮੀਦ ਹੈ ਕਿ ਇਸ ਨਾਲ ਦੇਸ਼ ਦੀ ਰਾਜਧਾਨੀ ਵਿੱਚ ਮੁਜ਼ਾਹਰਿਆਂ ਦਾ ਇੱਕ ਹੋਰ ਹਫਤਾ ਵੇਖਣ ਨੂੰ ਨਹੀਂ ਮਿਲੇਗਾ। ਇਸ ਐਮਰਜੰਸੀ ਐਕਟ ਨੂੰ ਸੋਮਵਾਰ ਨੂੰ ਤਰਤੀਬ ਦੇ ਦਿੱਤੀ ਗਈ ਸੀ ਪਰ ਇਸ ਦਾ ਜਨਤਕ ਐਲਾਨ ਮੰਗਲਵਾਰ ਨੂੰ ਕੀਤਾ ਗਿਆ।

ਮੰਗਲਵਾਰ ਨੂੰ ਕੈਬਨਿਟ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਹੁਣ ਸਾਡੇ ਕੋਲ ਉਹ ਸ਼ਕਤੀ ਹੈ ਜਿਸ ਨਾਲ ਉਹ ਕੀਤਾ ਜਾ ਸਕਦਾ ਹੈ ਜੋ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਜਦੋਂ ਤੱਕ ਇਨ੍ਹਾਂ ਮੁਜ਼ਾਹਰਿਆਂ ਨੂੰ ਖ਼ਤਮ ਨਹੀਂ ਕਰ ਲੈਂਦੇ ਉਦੋਂ ਤੱਕ ਅਸੀਂ ਸਾਹ ਨਹੀਂ ਲਵਾਂਗੇ। ਟਰੱਕਰਜ਼ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਤੇ ਲਾਏ ਗਏ ਬਲਾਕੇਡਜ਼ ਨੂੰ ਹਟਾਉਣ ਲਈ ਲਾਗੂ ਕੀਤੇ ਐਮਰਜੰਸੀ ਐਕਟ ਤੋਂ ਬਾਅਦ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਇਸ ਹਫਤੇ ਅਸੀਂ ਪਿਛਲੇ 19 ਦਿਨਾਂ ਤੋਂ ਚੱਲ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਹੋਵਾਂਗੇ।

ਇਸ ਨਵੇਂ ਐਕਟ ਤਹਿਤ ਮਿਲੀਆਂ ਸ਼ਕਤੀਆਂ ਸਦਕਾ ਅਧਿਕਾਰੀ ਹੁਣ ਹੇਠ ਲਿਖੇ ਨਿਯਮ ਲਾਗੂ ਕਰਵਾ ਸਕਣਗੇ :



- ਟਰੱਕਰਜ਼ ਕੌਨਵੌਏ ਦੇ ਮੁਜ਼ਾਹਰਿਆਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲਿਆਉਣ ਉੱਤੇ ਰੋਕ ਲਾਈ ਗਈ ਹੈ
- ਮੁਜ਼ਾਹਰੇ ਵਿੱਚ ਹਿੱਸਾ ਲੈਣ ਜਾਂ ਫਿਊਲ ਆਦਿ ਸਪਲਾਈ ਕਰਨ ਲਈ ਮੁਜ਼ਾਹਰੇ ਵਾਲੀ ਥਾਂ ਤੱਕ ਜਾਂ ਉੱਥੋਂ ਟਰੈਵਲ ਕਰਨ ਉੱਤੇ ਰੋਕ ਹੈ
- ਕੌਨਵੌਏ ਦੇ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਦੇ ਇਰਾਦੇ ਨਾਲ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਟਰੈਵਲ ਕਰਨ ਉੱਤੇ ਕਾਰਵਾਈ ਹੋ ਸਕਦੀ ਹੈ
- ਮੁਜ਼ਾਹਰਿਆਂ ਦੇ ਸਮਰਥਨ ਵਿੱਚ ਟਰੈਫਿਕ ਵਿੱਚ ਵਿਘਣ ਪਾਉਣ ਲਈ ਗੱਡੀਆਂ ਨੂੰ ਹੌਲੀ ਹੌਲੀ ਚਲਾਉਣ ਉੱਤੇ ਵੀ ਕਾਰਵਾਈ ਹੋ ਸਕਦੀ ਹੈ
- ਕੌਨਵੌਏ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਫੰਡ ਰੱਖਣ ਜਾਂ ਨਿਯੰਤਰਿਤ ਕਰਨ ਵਾਲੀਆਂ ਕ੍ਰਾਊਡਫੰਡਿੰਗ ਸਾਈਟਸ ਨੂੰ ਫੈਡਰਲ ਸਰਕਾਰ ਦੀ ਫਾਇਨਾਂਸ਼ੀਅਲ ਨਿਗਰਾਨੀ ਵਾਲੀ ਸੰਸਥਾਂ ਨਾਲ ਰਜਿਸਟਰ ਕਰਨਾ ਹੋਵੇਗਾ।

ਅਧਿਕਾਰੀਆਂ ਵੱਲੋਂ ਏਅਰਪੋਰਟਸ, ਪੋਰਟਸ, ਟਰੱਕ ਡਿਪੂਆਂ, ਹਸਪਤਾਲਾਂ, ਟਰੇਡ ਗਲਿਆਰਿਆਂ ਤੇ ਕੌਮਾਂਤਰੀ ਲਾਂਘਿਆਂ ਨੂੰ ਪ੍ਰੋਟੈਕਟਿਡ ਐਲਾਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵੈਕਸੀਨੇਸ਼ਨ ਸਬੰਧੀ ਮਾਪਦੰਡਾਂ ਦੇ ਖਿਲਾਫ ਪਿਛਲੇ ਲੱਗਭਗ ਤਿੰਨ ਹਫਤਿਆਂ ਤੋਂ ਟਰੱਕਰਜ਼ ਕੌਨਵੌਏ ਦੇ ਸਮਰਥਕ ਬਾਰਡਰਜ਼ ਤੇ ਪਾਰਲੀਆਮੈਂਟ ਹਿੱਲ ਦੇ ਆਲੇ ਦੁਆਲੇ ਮੁਜ਼ਾਹਰੇ ਕਰ ਰਹੇ ਹਨ। ਇਸ ਨਾਲ ਜਿੱਥੇ ਕੌਮਾਂਤਰੀ ਵਪਾਰ ਨੂੰ ਧੱਕਾ ਲੱਗਿਆ ਹੈ ਉੱਥੇ ਹੀ ਸਥਿਤੀ ਨੂੰ ਨਿਯੰਤਰਣ ਵਿੱਚ ਰੱਖਣ ਲਈ ਸਰਕਾਰ ਨੂੰ ਮਣਾਂ ਮੂੰਹੀ ਪੈਸਾ ਪਾਣੀ ਵਾਂਗ ਵਹਾਉਣਾ ਪੈ ਰਿਹਾ ਹੈ।

## ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ ਵਿੱਚ ਮੌਤ



ਨਵੀਂ ਦਿੱਲੀ, 15 ਫਰਵਰੀ, (ਪੋਸਟ ਬਿਊਰੋ)- ਪੰਜਾਬੀ ਫ਼ਿਲਮ ਅਦਾਕਾਰ ਦੀਪ ਸਿੱਧੂ ਦਾ ਅੱਜ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਹੈ।ਮਿਲੀ ਜਾਣਕਾਰੀ ਅਨੁਸਾਰ ਅੱਜ ਦੇਰ ਸ਼ਾਮ ਜਦੋਂ ਉਹ ਆਪਣੀ ਗਰਲ ਫਰੈਂਡ ਨਾਲ ਦਿੱਲੀ ਵੱਲ ਜਾ ਰਹੇ ਸਨ ਤਾਂ ਹਰਿਆਣਾ ਦੇ ਖਰਖੌਦਾ ਲਾਗੇ ਉਨ੍ਹਾਂ ਦੀ ਗੱਡੀ ਦਾ ਹਾਦਸਾ ਹੋ ਗਿਆ।

ਪਿਛਲੇ ਸਮੇਂ ਵਿੱਚ ਸਵਾ ਸਾਲ ਦੇ ਕਰੀਬ ਚੱਲਦੇ ਰਹੇ ਕਿਸਾਨ ਅੰਦੋਲਨਮੌਕੇ ਖ਼ਾਸ ਤੌਰ ਉੱਤੇ ਚਰਚਿਤਰਹੇ ਦੀਪ ਸਿੱਧੂ ਅੱਜ ਕੁੰਡਲੀ ਬਾਰਡਰ ਨੇੜੇ ਕੇ-ਐੱਮ-ਪੀ (ਕੁੰਡਲੀ-ਮਾਨੇਸਰ-ਪਲਵਲ) ਐਕਸਪ੍ਰੈੱਸਵੇਅਉੱਤੇ ਹਾਦਸੇ ਦਾ ਸ਼ਿਕਾਰ ਹੋ ਗਏ।ਮਿਲੀ ਜਾਣਕਾਰੀ ਮੁਤਾਬਿਕ ਦੀਪਸਿੱਧੂ ਆਪਣੀ ਦੋਸਤ ਤੇ ਪੰਜਾਬੀ ਅਦਾਕਾਰ ਰੀਨਾ ਰਾਏ ਨਾਲ ਕਾਰ ਵਿੱਚ ਸਨ। ਰੀਨਾ ਇਸ ਹਾਦਸੇ ਵਿੱਚ ਜ਼ਖਮੀ ਹੋਈ ਹੈ ਅਤੇ ਹਸਪਤਾਲ ਵਿੱਚ ਉਸਦੀ ਹਾਲਤ ਸਥਿਰ ਦੱਸੀ ਗਈ ਹੈ।ਦੀਪ ਸਿੱਧੂ ਪਹਿਲਾਂ 2019 ਵਿੱਚ ਗੁਰਦਾਸਪੁਰ ਹਲਕੇ ਵਿੱਚ ਬਾਲੀਵੁੱਡ ਹੀਰੋ ਸੰਨੀ ਦਿਓਲ ਦੇ ਚੋਣ ਪ੍ਰਚਾਰ ਸਮੇਂ ਚਰਚਾ ਦਾ ਕੇਂਦਰ ਬਣੇ ਸਨ। ਪਿਛਲੇ ਸਾਲ 26 ਜਨਵਰੀ ਨੂੰ ਜਦੋਂ ਅੰਦੋਲਨਕਾਰੀ ਕਿਸਾਨਾਂ ਨੇ ਦਿੱਲੀ ਵਿੱਚ ਟਰੈਕਟਰ ਰੈਲੀ ਕੱਢੀ ਤਾਂ ਲਾਲ ਕਿਲ੍ਹੇ ਉੱਤੇ ਝੰਡਾ ਝੁਲਾਉਣ ਅਤੇ ਹਿੰਸਕ ਘਟਨਾ ਕਾਰਨ ਵੀ ਉਹ ਚੋਖੇ ਚਰਚਿਤ ਹੋਏ ਸਨ।

ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਅਤੇਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਦੀਪ ਸਿੱਧੂ ਦੀ ਮੌਤ ਉੱਤੇਕਿਹਾ ਕਿ ਭਰ ਜਵਾਨੀ ਵਿੱਚ ਉਸ ਦਾ ਵਿਛੋੜਾ ਅਸਹਿ ਅਤੇ ਅਕਹਿ ਹੈ। ਦੀਪ ਸਿੱਧੂ ਦੇ ਦੇਹਾਂਤ ਉੱਤੇਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਟਵੀਟ ਕਰ ਕੇ ਦੁੱਖ ਪ੍ਰਗਟਾਇਆ ਤੇ ਕਿਹਾ ਕਿ ਉਨ੍ਹਾਂ ਨੂੰ ਪ੍ਰਸਿੱਧ ਅਦਾਕਾਰ ਤੇ ਸਮਾਜਿਕ ਕਾਰਕੁਨ ਦੀਪ ਸਿੱਧੂ ਦੇ ਦੇਹਾਂਤ ਬਾਰੇ ਜਾਣ ਕੇ ਬਹੁਤ ਦੁੱਖ ਲੱਗਾ ਹੈ। ਉਨ੍ਹਾਂ ਕਿਹਾ ਕਿ ਮੇਰੇ ਵਿਚਾਰ ਅਤੇ ਪ੍ਰਾਰਥਨਾਵਾਂ ਦੁਖੀ ਪਰਿਵਾਰ ਅਤੇ ਪ੍ਰਸ਼ੰਸਕਾਂ ਦੇ ਨਾਲ ਹਨ।

## ਕੋਵਿਡ ਤੋਂ ਅੱਕ ਚੁੱਕੀ ਹੈ ਦੁਨੀਆ, ਆ ਗਿਆ ਹੈ ਪਾਬੰਦੀਆਂ ਹਟਾਉਣ ਦਾ ਸਮਾਂ : ਫੋਰਡ

ਓਨਟਾਰੀਓ, 15 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਲੋਕ ਵੈਕਸੀਨ ਸਰਟੀਫਿਕੇਟਸ ਤੇ ਮਾਸਕਸ ਆਦਿ ਵਰਗੇ ਨਿਯਮਾਂ ਤੋਂ ਅੱਕ ਚੁੱਕੇ ਹਨ ਤੇ ਹੁਣ ਪਬਲਿਕ ਹੈਲਥ ਪਾਬੰਦੀਆਂ ਹਟਾਉਣ ਦਾ ਸਮਾਂ ਆ ਗਿਆ ਹੈ।

ਇਸ ਤੋਂ ਇੱਕ ਦਿਨ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਬਿਜ਼ਨਸ ਰੀਓਪਨਿੰਗ ਪਲੈਨ ਵਿੱਚ ਤੇਜ਼ੀ ਲਿਆਉਣ ਦਾ ਐਲਾਨ ਕੀਤਾ ਸੀ ਤੇ ਇਸ ਦੇ ਨਾਲ ਹੀ ਕੁੱਝ ਹਫਤਿਆਂ ਦੇ ਅੰਦਰ ਅੰਦਰ ਵੈਕਸੀਨ ਸਰਟੀਫਿਕੇਟ ਵਰਗੇ ਸਿਸਟਮ ਨੂੰ ਖ਼ਤਮ ਕਰਨ ਦੀ ਗੱਲ ਵੀ ਆਖੀ ਗਈ ਸੀ। ਡੱਗ ਫੋਰਡ ਨੇ ਆਖਿਆ ਕਿ ਉਹ ਇਨ੍ਹਾਂ ਪਾਬੰਦੀਆਂ ਨੂੰ ਜਲਦ ਖ਼ਤਮ ਕਰਨ ਦੇ ਹੱਕ ਵਿੱਚ ਹਨ। ਹੈਮਿਲਟਨ, ਓਨਟਾਰੀਓ ਵਿੱਚ ਮੈਨੂਫੈਕਚਰਿੰਗ ਨਾਲ ਸਬੰਧਤ ਐਲਾਨ ਦਰਮਿਆਨ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਬਿਲਕੁਲ ਪਸੰਦ ਨਹੀਂ ਕਿ ਸਰਕਾਰ ਹੋਣ ਨਾਤੇ ਉਹ ਲੋਕਾਂ ਨੂੰ ਦੱਸਣ ਕਿ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ। ਅਸੀਂ ਇਨ੍ਹਾਂ ਪਾਬੰਦੀਆਂ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤੇ ਕਾਰੋਬਾਰਾਂ ਦੇ ਨਾਲ ਨਾਲ ਨੌਕਰੀਆਂ ਵੀ ਬਚਾਉਣੀਆਂ ਚਾਹੁੰਦੇ ਹਾਂ।



ਪਹਿਲੀ ਮਾਰਚ ਤੋਂ ਸਰਕਾਰ ਕਾਰੋਬਾਰਾਂ ਅਤੇ ਸੋਸ਼ਲ ਗੈਦਰਿੰਗਜ਼ ਉੱਤੇ ਲੱਗੀ ਕਪੈਸਿਟੀ ਲਿਮਿਟ ਨੂੰ ਪੂਰੀ ਤਰ੍ਹਾਂ ਹਟਾਉਣਾ ਚਾਹੁੰਦੀ ਹੈ। ਵੈਕਸੀਨ ਸਰਟੀਫਿਕੇਟ ਪਾਲਿਸੀ ਨੂੰ ਵੀ ਉਸੇ ਦਿਨ ਖ਼ਤਮ ਕੀਤਾ ਜਾਵੇਗਾ। ਫੋਰਡ ਨੇ ਆਖਿਆ ਕਿ ਵੈਕਸੀਨੇਸ਼ਨ ਪਾਲਿਸੀ ਲਿਆਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ ਪਰ ਹਾਲਾਤ ਦੀ ਨਜ਼ਾਕਤ ਤੇ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਡਾ. ਕੀਰਨ ਮੂਰ ਦੀ ਸਲਾਹ ਉੱਤੇ ਉਨ੍ਹਾਂ ਨੂੰ ਅਜਿਹਾ ਕਰਨਾ ਪਿਆ।

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL 416 938 4598

YES! Immigration Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

## ਟਰੱਕਰਜ਼ ਦੇ ਮੁਜ਼ਾਹਰਿਆਂ ਦਰਮਿਆਨ ਓਟਵਾ ਪੁਲਿਸ ਚੀਫ ਨੇ ਦਿੱਤਾ ਅਸਤੀਫਾ



ਓਟਵਾ, 15 ਫਰਵਰੀ (ਪੋਸਟ ਬਿਊਰੋ) : ਓਟਵਾ ਪੁਲਿਸ ਚੀਫ ਪੀਟਰ ਸਲੋਲੀ ਵੱਲੋਂ ਡਾਊਨਟਾਊਟ ਓਟਵਾ ਵਿੱਚ ਟਰੱਕਰਜ਼ ਦੇ ਮੁਜ਼ਾਹਰੇ ਦੇ ਚੱਲਦਿਆਂ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ। ਹਾਲਾਤ ਨੂੰ ਚੰਗੀ ਤਰ੍ਹਾਂ ਨਾ ਸਾਂਭ ਸਕਣ ਕਾਰਨ ਚੁਫੇਰਿਓਂ ਹੋ ਰਹੀ ਆਲੋਚਨਾ ਕਾਰਨ ਇਹ ਅਸਤੀਫਾ ਦਿੱਤਾ ਗਿਆ।

ਮੰਗਲਵਾਰ ਨੂੰ ਵਿਸ਼ੇਸ਼ ਮੀਟਿੰਗ ਵਿੱਚ ਬੋਰਡ ਦੀ ਚੇਅਰ ਡਾਇਨੇ ਡੀਨਜ਼ ਨੇ ਦੱਸਿਆ ਕਿ ਸਲੋਲੀ ਤੇ ਓਟਵਾ ਪੁਲਿਸ ਸਰਵਿਸਿਜ਼ ਇਸ ਫੈਸਲੇ ਤੋਂ ਸਹਿਮਤ ਹਨ। ਜ਼ਿਕਰਯੋਗ ਹੈ ਕਿ ਡਾਊਨਟਾਊਨ ਮੁਜ਼ਾਹਰੇ 19ਵੇਂ ਦਿਨ ਵਿੱਚ ਦਾਖਲ ਹੋ ਗਏ ਹਨ। ਮੁਜ਼ਾਹਰਾਕਾਰੀ ਵੈਲਿੰਗਟਨ ਸਟਰੀਟ ਤੇ ਉਸ ਦੇ ਆਲੇ ਦੁਆਲੇ ਉੱਤੇ ਡੇਰਾ ਲਾਈ ਬੈਠੇ ਹਨ ਤੇ ਇੱਥੋਂ ਜਾਣ ਦਾ ਨਾਂ ਨਹੀਂ ਲੈ ਰਹੇ। ਸਲੋਲੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਹ ਭਾਰੀ ਮਨ ਨਾਲ ਇਹ ਅਹੁਦਾ ਛੱਡ ਰਹੇ ਹਨ।

ਉਨ੍ਹਾਂ ਆਖਿਆ ਕਿ ਮੁਜ਼ਾਹਰੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਵੱਲੋਂ ਸਿਟੀ ਨੂੰ ਸੇਫ ਰੱਖਣ ਤੇ ਇਸ ਸੰਕਟ ਤੋਂ ਜਲਦ ਤੋਂ ਜਲਦ ਨਿਜਾਤ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਡੀਨ ਨੇ ਆਖਿਆ ਕਿ ਹੁਣ ਬੋਰਡ ਨਵੇਂ ਕਮਾਂਡ ਢਾਂਚੇ ਨੂੰ ਲਿਆਉਣ ਲਈ ਕੰਮ ਕਰ ਰਿਹਾ ਹੈ ਤੇ ਜਲਦ ਹੀ ਨਵਾਂ ਚੀਫ ਨਿਯੁਕਤ ਕੀਤਾ ਜਾਵੇਗਾ। ਹਾਲ ਦੀ ਘੜੀ ਡਿਪਟੀ ਚੀਫ ਸਟੀਵ ਬੈੱਲ ਨੂੰ ਅੰਤਰਿਮ ਚੀਫ ਬਣਾਇਆ ਗਿਆ ਹੈ।

## ਹੁਣ ਕੈਨੇਡਾ ਪਰਤਣ ਤੋਂ ਪਹਿਲਾਂ ਵੈਕਸੀਨੇਟਿਡ ਟਰੈਵਲਰਜ਼ ਨੂੰ ਕਰਵਾਉਣਾ ਹੋਵੇਗਾ ਰੈਪਿਡ ਐਂਟੀਜਨ ਟੈਸਟ




ਓਟਵਾ, 15 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਪੂਰੀ ਤਰ੍ਹਾਂ ਵੈਕਸੀਨੇਟਿਡ ਟਰੈਵਲਰਜ਼ ਦੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਪੀਸੀਆਰ ਟੈਸਟ ਦੇ ਨਿਯਮ ਨੂੰ 28 ਫਰਵਰੀ ਤੋਂ ਖਤਮ ਕਰਨ ਜਾ ਰਹੀ ਹੈ। ਇਹ ਐਲਾਨ ਮੰਗਲਵਾਰ ਨੂੰ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਕੀਤਾ।

ਇਸ ਦੀ ਥਾਂ ਉੱਤੇ ਟਰੈਵਲਰਜ਼ ਜਿਸ ਦੇਸ਼ ਤੋਂ ਆ ਰਹੇ ਹੋਣਗੇ ਉੱਥੇ ਮਾਨਤਾ ਪ੍ਰਾਪਤ ਰੈਪਿਡ ਐਂਟੀਜਨ ਟੈਸਟ ਉਨ੍ਹਾਂ ਨੂੰ ਕਰਵਾਉਣਾ ਹੋਵੇਗਾ, ਜੋ ਕਿ ਮੁਕਾਬਲਤਨ ਸਸਤਾ ਹੈ। ਟਰੈਵਲਰਜ਼ ਨੂੰ ਇਹ ਟੈਸਟ ਆਪਣੀ ਨਿਰਧਾਰਤ ਫਲਾਈਟ ਜਾਂ ਜ਼ਮੀਨੀ ਸਰਹੱਦ ਉੱਤੇ ਪਹੁੰਚਣ ਤੋਂ 24 ਘੰਟੇ ਪਹਿਲਾਂ ਕਰਵਾਉਣਾ ਹੋਵੇਗਾ। ਇਸ ਸਮੇਂ ਸਾਰੇ ਟਰੈਵਲਰਜ਼ ਨੂੰ ਆਪਣੀ ਨਿਰਧਾਰਤ ਫਲਾਈਟ ਤੋਂ ਜਾਂ ਜ਼ਮੀਨੀ ਹੱਦ ਉੱਤੇ ਪਹੁੰਚਣ ਤੋਂ 72 ਘੰਟੇ ਪਹਿਲਾਂ ਨੈਗੇਟਿਵ ਮੌਲੀਕਿਊਲਰ ਟੈਸਟ, ਜਿਵੇਂ ਕਿ ਪੀਸੀਆਰ ਟੈਸਟ,ਕਰਵਾਉਣਾ ਪੈਂਦਾ ਹੈ। ਫਿਰ ਭਾਵੇਂ ਉਨ੍ਹਾਂ ਦਾ ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ।

ਟਰੈਵਲਰਜ਼ ਨੂੰ ਅਜੇ ਵੀ ਕੈਨੇਡਾ ਪਹੁੰਚਣ ਉੱਤੇ ਟੈਸਟਿੰਗ ਲਈ ਚੁਣਿਆ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਆਪਣੇ ਟੈਸਟ ਦੇ ਨਤੀਜਿਆਂ ਦੀ ਉਡੀਕ ਕਰਦੇ ਸਮੇਂ ਕੁਆਰਨਟੀਨ ਹੋਣ ਦੀ ਲੋੜ ਨਹੀਂ ਹੋਵੇਗੀ। ਓਮਾਈਕ੍ਰੌਨ ਵੇਰੀਐਂਟ ਕਾਰਨ ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਟਰੈਵਲ ਨਾ ਕਰਨ ਦੀ ਜਿਹੜੀ ਸਿਫਾਰਿਸ਼ ਕੀਤੀ ਗਈ ਸੀ, ਸਰਕਾਰ ਉਸ ਵਿੱਚ ਵੀ ਢਿੱਲ ਦੇਣ ਜਾ ਰਹੀ ਹੈ। ਵੈਕਸੀਨੇਸ਼ਨ ਕਰਵਾ ਚੁੱਕੇ ਬਾਲਗਾਂ ਨਾਲ ਟਰੈਵਲ ਕਰ ਰਹੇ 12 ਸਾਲ ਤੋਂ ਘੱਟ ਉਮਰ ਦੇ ਅਜਿਹੇ ਬੱਚੇ ਜਿਨ੍ਹਾਂ ਦੀ ਵੈਕਸੀਨੇਸ਼ਨ ਨਹੀਂ ਸੀ ਹੋਈ, ਲਈ ਵੀ ਪਾਬੰਦੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ।

ਡਕਲਸ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਸਕੂਲ, ਡੇਅਕੇਅਰ ਜਾਂ ਕੈਂਪਾਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਉਡੀਕ ਨਹੀਂ ਕਰਨੀ ਹੋਵੇਗੀ ਤੇ ਖੁਦ ਨੂੰ ਆਈਸੋਲੇਟ ਨਹੀਂ ਕਰਨਾ ਹੋਵੇਗਾ। ਉਨ੍ਹਾਂ ਨੂੰ ਟੈਸਟਿੰਗ ਕਰਵਾਉਣ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਨਿਯਮ ਦੀ ਪਾਲਣਾ ਵੀ ਨਹੀਂ ਕਰਨੀ ਹੋਵੇਗੀ। ਅਜਿਹੇ ਟਰੈਵਲਰਜ਼ ਜਿਨ੍ਹਾਂ ਦੀ ਵੈਕਸੀਨੇਸ਼ਨ ਨਹੀਂ ਹੋਈ, ਉਨ੍ਹਾਂ ਨੂੰ ਕੈਨੇਡਾ ਪਹੁੰਚਣ ਉੱਤੇ ਟੈਸਟ ਕਰਵਾਉਣਾ ਹੋਵੇਗਾ ਤੇ 14 ਦਿਨਾਂ ਲਈ ਕੁਆਰਨਟੀਨ ਵੀ ਕਰਨਾ ਹੋਵੇਗਾ।

ਇਹ ਐਲਾਨ ਕਰਦੇ ਸਮੇਂ ਸਿਹਤ ਮੰਤਰੀ ਨਾਲ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ, ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਟੂਰਿਜ਼ਮ ਮੰਤਰੀ ਰੈਂਡੀ ਬੌਇਸਨਾਲਟ ਵੀ ਹਾਜ਼ਰ ਸਨ।

## ਛੁਰੇਬਾਜ਼ੀ ਕਾਰਨ ਤਿੰਨ ਜ਼ਖ਼ਮੀ




ਟੋਰਾਂਟੋ, 15 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਸਟੌਕਯਾਰਡਜ਼ ਡਿਸਟ੍ਰਿਕਟ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ।

ਟੋਰਾਂਟੋ ਪੁਲਿਸ ਨੂੰ ਸ਼ਾਮੀਂ 6:30 ਵਜੇ ਇਹ ਜਾਣਕਾਰੀ ਹਾਸਲ ਹੋਈ ਕਿ ਵੈਸਟਨ ਰੋਡ ਤੇ ਸੇਂਟ ਕਲੇਅਰ ਐਵਨਿਊ ਵੈਸਟ ਏਰੀਆ ਵਿੱਚ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਹੈ। ਪਰ ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਅਧਿਕਾਰੀਆਂ ਨੇ ਪਾਇਆ ਕਿ ਤਿੰਨ ਵਿਅਕਤੀਆਂ ਉੱਤੇ ਤੇਜ਼ ਧਾਰ ਹਥਿਆਰ ਨਾਲ ਵਾਰ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕੀਤਾ ਗਿਆ ਸੀ।

ਇਨ੍ਹਾਂ ਵਿੱਚੋਂ ਦੋ ਵਿਅਕਤੀਆਂ ਦੀ ਹਾਲਤ ਨਾਜ਼ੁਕ ਸੀ ਤੇ ਉਨ੍ਹਾਂ ਨੂੰ ਤੇਜ਼ੀ ਨਾਲ ਟਰੌਮਾ ਸੈਂਟਰ ਲਿਜਾਇਆ ਗਿਆ। ਤੀਜਾ ਵਿਅਕਤੀ ਮਾਮੂਲੀ ਜ਼ਖ਼ਮੀ ਸੀ। ਪੁਲਿਸ ਵੱਲੋਂ ਅਜੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ ਤੇ ਉਨ੍ਹਾਂ ਆਖਿਆ ਕਿ ਜਾਂਚ ਜਾਰੀ ਹੈ।

## ਕਰਨਾਟਕ ਵਿੱਚ ਕਈ ਮੁਸਲਿਮ ਵਿਦਿਆਰਥਣਾਂ ਨੇ ਹਿਜਾਬ ਛੱਡਣ ਦੀ ਬਜਾਏ ਪ੍ਰੀਖਿਆ ਛੱਡੀ

* ਮਾਪਿਆਂ ਨੇ ਇਮਤਿਹਾਨ ਤੋਂ ਵੱਧ ਹਿਜਾਬ ਨੂੰ ਜ਼ਰੂਰੀ ਕਿਹਾ




ਬੈਂਗਲੁਰੂ, 15 ਫਰਵਰੀ, (ਪੋਸਟ ਬਿਊਰੋ)- ਕਰਨਾਟਕਦੇਸਕੂਲਾਂ ਵਿੱਚ ਹਿਜਾਬ ਪਾਉਣ ਦਾ ਮੁੱਦਾ ਅਜੇ ਸੁਲਝਿਆ ਨਹੀਂ ਅਤੇਜ਼ਿਲਾ ਸ਼ਿਵਮੋਗਾ ਅਤੇ ਉਡੂਪੀ ਦੇ ਸਕੂਲਾਂ ਵਿੱਚਮੁਸਲਿਮ ਵਿਦਿਆਰਥਣਾਂ ਨੂੰ ਵੱਖਰੇ ਕੈਮਰੇ ਵਿੱਚ ਬੈਠਣ ਲਈ ਕਿਹਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਹਿਜਾਬ ਪਾਏ ਬਿਨਾਂ ਪ੍ਰੀਖਿਆ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਦੌਰਾਨ ਕੋਡਾਗੂ ਜ਼ਿਲੇਵਿੱਚ ਨੇਲੀਹੁਡੀਕੇਰੀ ਵਿੱਚ ਕਰਨਾਟਕ ਪਬਲਿਕ ਸਕੂਲਦੀਆਂ ਕੁਝ ਵਿਦਿਆਰਥਣਾਂ ਨੇ ਹਿਜਾਬ ਉੱਤੇ ਪਾਬੰਦੀ ਦਾ ਵਿਰੋਧ ਕੀਤਾ।ਸਕੂਲਾਂ ਦੇ ਬਾਹਰ ਖੜ੍ਹੇ ਮਾਪਿਆਂ ਨੇ ਦੱਸਿਆ ਕਿ ਸਕੂਲ ਪ੍ਰਸ਼ਾਸਨ ਨੇ ਵੀ ਵਿਦਿਆਰਥੀਆਂ ਨੂੰ ਬਿਨਾਂ ਹਿਜਾਬ ਦੇ ਪ੍ਰੀਖਿਆ ਵਿੱਚ ਬੈਠਣ ਲਈ ਕਿਹਾ ਹੈ।

ਹਿਜਾਬ ਦੇ ਵਿਵਾਦ ਦੌਰਾਨ ਅੱਜ ਕੁਝ ਵਿਦਿਆਰਥਣਾਂ ਨੇ ਇਮਤਿਹਾਨ ਛੱਡਦਿੱਤਾ, ਕਿਉਂਕਿ ਉਨ੍ਹਾਂ ਨੂੰ ਹਿਜਾਬ ਪਾ ਕੇ ਸਕੂਲ ਦੇ ਕੰਪਲੈਕਸਵਿੱਚ ਵੀ ਦਾਖਲ ਹੋਣ ਤੋਂ ਰੋਕਦਿੱਤਾ ਗਿਆ ਸੀ। ਇਕ ਵਿਦਿਆਰਥਣ ਨੇ ਕਿਹਾ ਕਿ'ਮੈਂ ਹਿਜਾਬ ਨਹੀਂ ਉਤਾਰਾਂਗੀ। ਪਹਿਲਾਂ ਮੈਂ ਹਿਜਾਬ ਪਾ ਕੇ ਹੀ ਸਕੂਲ ਜਾਂਦੀ ਸੀ।ਸਕੂਲ ਪ੍ਰਸ਼ਾਸਨ ਨੇ ਸਾਨੂੰ ਕਿਹਾ ਕਿ ਜਾਂ ਹਿਜਾਬ ਉਤਾਰ ਦਿਓ ਜਾਂ ਇਹ ਜਗ੍ਹਾ ਛੱਡ ਦਿਓ। ਉਨ੍ਹਾਂ ਨੇ ਸਾਨੂੰ ਹਿਜਾਬ ਪਾ ਕੇ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ।' ਇਕ ਹੋਰ ਵਿਦਿਆਰਥਣ ਨੇ ਕਿਹਾ ਕਿ 'ਮੈਂ ਇਸ ਸਕੂਲ ਅਤੇ ਇਮਤਿਹਾਨ ਨੂੰ ਛੱਡਰਹੀ ਹਾਂ, ਕਿਉਂਕਿ ਮੈਨੂੰ ਹਿਜਾਬ ਉਤਾਰਨ ਨੂੰ ਕਿਹਾ ਗਿਆ ਹੈ।' ਵਿਦਿਆਰਥਣ ਦੇ ਰਿਸ਼ਤੇਦਾਰ ਨੇ ਪੱਤਰਕਾਰਾਂ ਨੂੰ ਕਿਹਾ, 'ਸਕੂਲ ਵਿੱਚ ਹਿਜਾਬ ਉੱਤੇ ਪਾਬੰਦੀ ਲੱਗਣ ਪਿੱਛੋਂ ਮੈਂ ਉਸ ਨੂੰ ਸਕੂਲ ਨਹੀਂ ਭੇਜਣਾ। ਮੈਂ ਉਸ ਨੂੰ ਦੋ ਦਿਨ ਸਕੂਲ ਭੇਜ ਰਿਹਾ ਸੀ, ਕਿਉਂਕਿ ਉਸਨੇ 10ਵੀਂ ਜਮਾਤ ਦੀ ਪ੍ਰੀਖਿਆ ਦੀ ਤਿਆਰੀ ਕਰਨੀ ਸੀ, ਪਰ ਕੁਝ ਵਿਦਿਆਰਥੀਆਂ ਨੂੰ ਵੱਖਰੇ ਕਮਰੇ ਵਿੱਚ ਬੈਠਣ ਲਈ ਕਿਹਾ ਗਿਆ, ਕਿਉਂਕਿ ਉਸਨੇ ਹਿਜਾਬ ਉਤਾਰਨ ਤੋਂ ਨਾਂਹ ਕਰ ਦਿੱਤੀ ਸੀ।' ਉਸ ਨੇ ਕਿਹਾ, 'ਪਹਿਲਾਂ ਏਦਾਂ ਨਹੀਂ ਸੀ ਹੁੰਦਾ, ਸਾਡੇ ਪਰਿਵਾਰ ਦੇ ਕਈ ਲੋਕ ਇਸ ਸਕੂਲ ਵਿੱਚ ਹਿਜਾਬ ਪਾ ਕੇ ਪੜ੍ਹੇ ਹਨ।'

## ਘਰ ਵਿੱਚ ਲਾਈ ਨਕਲੀ ਘਿਓ ਦੀ ਫੈਕਟਰੀ ਦਾ ਪਰਦਾ ਫਾਸ਼

ਲੁਧਿਆਣਾ, 15 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਵਿਭਾਗ ਦੀ ਟੀਮ ਨੇ ਅਪਰਾਧ ਸ਼ਾਖਾ ਨਾਲ ਮਿਲ ਕੇ ਬਾੜੇਵਾਲ ਰੋਡ ਦੇ ਇੱਕ ਘਰ ਵਿੱਚ ਚਲਾਈ ਜਾ ਰਹੀ ਦੇਸੀ ਘਿਉ ਦੀ ਫੈਕਟਰੀ ਉੱਤੇਛਾਪਾਮਾਰਕੇ ਉਥੇ ਰੱਖਿਆ ਲੱਗਭਗ 1995 ਲੀਟਰ ਦਾ ਸਟਾਕ ਜ਼ਬਤ ਕਰ ਲਿਆ ਅਤੇ ਸੱਤ ਸੈਂਪਲ ਜਾਂਚ ਲਈ ਭੇਜੇ ਗਏ ਹਨ। ਜ਼ਿਲ੍ਹਾ ਸਿਹਤ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੌਕੇ ਉੱਤੇ ਰਿਫਾਈਂਡ ਤੇਲ, ਬਨਸਪਤੀ ਅਤੇ ਦੇਸੀ ਘਿਓ ਦੀ ਫਲੇਵਰ ਦਾ ਸਟਾਕ ਜ਼ਬਤ ਕੀਤਾ ਗਿਆ ਅਤੇ ਸੱਤ ਸੈਂਪਲ ਜਾਂਚ ਲਈ ਭੇਜੇ ਹਨ, ਜਿਨ੍ਹਾਂ ਵਿੱਚੋਂ ਚਾਰ ਦੇਸੀ ਘਿਓ, ਇੱਕ ਬਨਸਪਤੀ, ਇੱਕ ਰਿਫਾਈਂਡ ਤੇਲ ਅਤੇ ਇੱਕ ਫਲੇਵਰ ਦਾ ਸੈਂਪਲ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਦੇਸੀ ਘਿਓ ਗੈਰਕਾਨੂੰਨੀਬਣਾਇਆ ਜਾਂਦਾ ਸੀ। ਟੀਮ ਨੇ ਇੱਕ ਲੀਟਰ ਪੈਕ ਵਿੱਚ 450 ਲੀਟਰ ਘਿਓ, 500 ਮਿਲੀਲੀਟਰ ਪੈਕਿੰਗ ਦੇ 90 ਲੀਟਰ, 5 ਲੀਟਰ ਪੈਕਿੰਗ ਦੇ 75 ਲੀਟਰ, 275 ਲੀਟਰ ਖੁੱਲ੍ਹਾ ਘਿਓ, 1380 ਲੀਟਰ ਰਿਫਾਈਂਡ ਤੇਲ ਅਤੇ ਬਨਸਪਤੀ ਅਤੇ 6 ਲੀਟਰ ਹੋਰ ਸਮਗਰੀ ਬਰਾਮਦ ਕੀਤੀ ਹੈ। ਟੀਮ ਨੇ ਨਕਲੀ ਘਿਓ ਦੀ ਪੈਕਿੰਗ ਲਈ ਰੱਖੇ 1050 ਕਾਰਡ ਬੋਰਡ ਬੌਕਸ, 15 ਕਿਲੋ ਰਿਫਾਈਂਡ ਤੇਲ ਦੇ 315 ਖਾਲੀ ਟਿਨ ਅਤੇ 5000 ਤੋਂ ਜ਼ਿਆਦਾ ਖਾਲੀ ਪਲਾਸਿਟਕ ਦੇ ਜਾਰ ਵੀ ਬਰਾਮਦ ਕੀਤੇ ਹਨ।

## ਨੱਬੇ ਸਾਲਾ ਭੋਲਾਨਾਥ ਆਲੋਕ ਦੇ ਪ੍ਰੇਮ ਦੀ ਅਨੋਖੀ ਕਹਾਣੀ

* ਪਤਨੀ ਦੀਆਂ ਅਸਥੀਆਂ 32 ਸਾਲਾਂ ਤੋਂ ਵਿਹੜੇ ਵਿੱਚ ਟੰਗੀਆਂ

ਪੂਰਨੀਆ, 15 ਫਰਵਰੀ (ਪੋਸਟ ਬਿਊਰੋ)- ਪ੍ਰੇਮ ਦੀ ਨਾ ਕੋਈ ਉਮਰ ਹੁੰਦੀ ਹੈ ਤੇ ਨਾ ਸੀਮਾ। ਪੂਰਨੀਆ ਦੇ ਸਿਪਾਹੀ ਟੋਲਾ ਦੇ ਵਾਸੀ ਪ੍ਰਸਿੱਧ ਸਾਹਿਤਕਾਰ ਤੇ ਬਜ਼ੁਰਗ ਸਮਾਜ ਦੇ ਪ੍ਰਧਾਨ ਨੱਬੇ ਸਾਲਾ ਭੋਲਾਨਾਥ ਆਲੋਕ ਪਿਛਲੇ 32 ਸਾਲਾਂ ਤੋਂ ਪ੍ਰੇਮ ਦੇ ਇਸੇ ਅਹਿਸਾਸ ਨੂੰ ਜੀਅ ਰਹੇ ਹਨ।

ਭੋਲਾਨਾਥ ਆਲੋਕ ਦੀ ਪਤਨੀ ਦੀ 32 ਸਾਲ ਪਹਿਲਾਂ ਮੌਤ ਹੋ ਗਈ ਸੀ, ਪ੍ਰੰਤੂ ਉਨ੍ਹਾਂ ਨੇ ਅੱਜ ਤਕ ਵੀ ਆਪਣੇ ਕੈਂਪਸ ਵਿੱਚ ਉਸ ਦੀਆਂ ਅਸਥੀਆਂ ਰੁੱਖ ਨਾਲ ਟੰਗ ਰੱਖੀਆਂ ਹਨ। ਉਹ ਦੱਸਦੇ ਹਨ ਕਿ ਮੇਰੀ ਪਤਨੀ ਪਦਮਾ ਰਾਣੀ ਨੇ ਇਕੱਠੇ ਮਰਨ ਦੀ ਗੱਲ ਕਹੀ ਸੀ। ਉਸ ਦੀ ਦਿਲੀ ਇੱਛਾ ਸੀ ਕਿ ਉਹ ਸੁਹਾਗਣ ਮਰੇ। ਉਨ੍ਹਾ ਕਿਹਾ ਕਿ ਜਦ ਉਸ ਦੀ ਮੌਤ ਹੋਵੇ ਤਾਂ ਉਸ ਦੀਆਂ ਅਸਥੀਆਂ ਵੀ ਇਨ੍ਹਾਂ ਨਾਲ ਵਿਦਾ ਹੋਣ। ਉਹ ਰੋਜ਼ ਨਿਯਮ ਅਨੁਸਾਰ ਇਸ ਦੀ ਪੂਜਾ ਕਰਦੇ ਹਨ। ਉਸ ਨੇ ਆਪਣੇ ਬੱਚਿਆਂ ਨੂੰ ਉਸ ਦੇ ਮਰਨ ਉੱਤੇ ਪਤਨੀ ਦੀਆਂ ਅਸਥੀਆਂ ਨੂੰ ਉਸ ਦੇ ਕਲੇਜੇ ਨਾਲ ਲਾ ਕੇ ਦਾਹ ਸਸਕਾਰ ਕਰਨ ਦੀ ਕਸਮ ਦਿੱਤੀ ਹੈ ਤੇ ਇਹ ਉਨ੍ਹਾਂ ਬਾਕਾਇਦਾ ਲਿਖ ਕੇ ਦਿੱਤਾ ਹੈ। 25 ਸਤੰਬਰ 1990 ਦੀ ਤਰੀਕ ਯਾਦ ਕਰ ਕੇ ਭੋਲਾਨਾਥ ਆਲੋਕ ਕਾਫੀ ਭਾਵੁਕ ਹੋ ਜਾਂਦੇ ਹਨ। ਇਸ ਦਿਨ ਉਸ ਦੀ ਪਤਨੀ ਪਦਮਾ ਰਾਣੀ ਦਾ ਦਿਹਾਂਤ ਹੋਇਆ ਸੀ। ਉਸ ਨੇ ਦਸਿਆ ਕਿ ਉਦੋਂ ਬੱਚੇ ਛੋਟੇ ਸਨ। ਕੋਈ ਆਧਾਰ ਨਹੀਂ ਸੀ। ਫਿਰ ਮੈਂ ਹਿੰਮਤ ਤੋਂ ਕੰਮ ਲਿਆ ਤੇ ਪਤਨੀ ਦੀ ਅੰਤਿਮ ਇੱਛਾ ਦੀ ਪੂਰਤੀ ਲਈ ਉਸ ਦੀਆਂ ਅਸਥੀਆਂ ਨੂੰ ਆਪਣੇ ਜੀਵਨ ਦੇ ਆਖਰੀ ਸਮੇਂ ਤਕ ਸੰਭਾਲ ਕੇ ਰੱਖਣ ਅਤੇ ਆਪਣੇ ਨਾਲ ਹੀ ਉਸ ਦਾ ਦਾਹ ਸਸਕਾਰ ਕਰਾਉਣ ਦੀ ਠਾਣ ਲਈ। ਭੋਲਾਨਾਥ ਦੇ ਪਰਵਾਰ ਵਾਲੇ ਵੀ ਭਗਵਾਨ ਦੀ ਪੂਜਾ ਪਿੱਛੋਂ ਰੁੱਖ ਨਾਲ ਟੰਗੀਆਂ ਅਸਥੀਆਂ ਦੀ ਪੂਜਾ ਕਰਦੇ ਹਨ। ਘਰ ਵਿੱਚ ਜਦੋਂ ਬਾਹਰੋਂ ਰਿਸ਼ਤੇਦਾਰ ਆਉਂਦੇ ਹਨ ਜਾਂ ਘਰ ਦੇ ਕਈ ਲੋਕ ਬਾਹਰ ਜਾਂਦੇ ਹਨ ਤਾਂ ਉਸ ਰੁੱਖ ਦੇ ਕੋਲ ਜਾ ਕੇ ਪ੍ਰਣਾਮ ਕਰਦੇ ਹਨ।















## ਅੱਜ ਨਾਮਾ

ਸਿਰਸੇ ਡੇਰੇ ਤੋਂ ਚੋਣਾਂ ਦਾ ਰਾਗ ਛਿੜਿਆ,
ਆਉਣਾ ਹੁਕਮ ਹਾਲੇ ਪਰਸੋਂ ਤੀਕ ਬੇਲੀ।
ਕਰ-ਕਰ ਫੋਨ ਆ ਪੁੱਛ ਰਹੇ ਭਗਤ ਪੱਕੇ,
ਕਰਨੀ ਔਖੀ ਜਿਹੀ ਬਹੁਤ ਉਡੀਕ ਬੇਲੀ।
ਉਹ ਵੀ ਏਸੇ ਉਡੀਕ ਵਿੱਚ ਲਾਉਣ ਗੇੜੇ,
ਅੰਦਰੋਂ ਜਿਹੜੇ ਕਈ ਨਾਮ-ਧਰੀਕ ਬੇਲੀ।
ਦੂਸਰੇ ਸੱਜਣ ਕਈ ਨੱਕ ਜਾਂ ਮੂੰਹ ਵੱਟਣ,
ਕਰਨਾ ਇੰਜ ਤਾਂ ਕਹਿੰਦੇ ਨਾ ਠੀਕ ਬੇਲੀ।
ਡੇਰੇ ਸਿਰਸੇ ਦੀ ਹੁੰਦੀ ਹੈ ਬਹੁਤ ਚਰਚਾ,
ਛੱਡਦਾ ਕੋਈ ਵੀ ਡੇਰਾ ਨਾ ਕਸਰ ਬੇਲੀ।
ਅੰਨ੍ਹੀ ਭਗਤਾਂ ਦੀ ਡਾਰ ਹੈ ਸਾਰਿਆਂ ਦੀ,
ਮੰਨਦੀ ਡੇਰੇ ਦੇ ਹੁਕਮ ਦਾ ਅਸਰ ਬੇਲੀ।

**ਤੀਸ ਮਾਰ ਖਾਂ**

# ਕੇਜਰੀਵਾਲ ਦਾ ਵਾਅਦਾ: ਆਪ ਪਾਰਟੀ ਦੀ ਪੰਜਾਬ ਸਰਕਾਰ ਹਰ ਵਿਅਕਤੀ ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ

ਲੁਧਿਆਣਾ, 15 ਫਰਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਿਅਕਤੀ, ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ, ਦੀ ਸੁਰੱਖਿਆ ਯਕੀਨੀ ਕਰੇਗੀ।ਉਨ੍ਹਾ ਕਿਹਾ ਕਿ ‘ਪਿਛਲੇ ਦਿਨਾਂ ਦੀਆਂ ਬੇਅਦਬੀ ਤੇ ਬੰਬ ਧਮਾਕੇ ਦੀਆਂ ਘਟਨਾਵਾਂ ਕਾਰਨ ਪੰਜਾਬ ਦੇ ਲੋਕਾਂ ਵਿੱਚ ਡਰ ਤੇ ਖੌਫ ਦਾ ਮਾਹੌਲ ਹੈ। ਲੋਕ ਆਪਣੀ ਸੁਰੱਖਿਆਬਾਰੇ ਚਿੰਤਤ ਹਨ। ਕੇਜਰੀਵਾਲ ਨੇ ਕਿਹਾ ਕਿ ‘ਕੱਲ੍ਹਇਕ ਆਦਮੀ ਮੇਰੇ ਕੋਲ ਆਇਆ ਅਤੇ ਕਿਹਾ ਕਿ ਮੈਂ ਹਿੰਦੂ ਹਾਂ, ਮੇਰੇ ਮਨ ਵਿੱਚ ਅੱਜ-ਕੱਲ੍ਹਸੁਰੱਖਿਆਬਾਰੇ ਬੜੀ ਚਿੰਤਾ ਹੈ। ਪਿਛਲੇ ਦਿਨਾਂਦੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਮੈਨੂੰ ਪ੍ਰੇਸ਼ਾਨ ਕੀਤਾ ਹੈ। ਮੈਂ ਅਤੇ ਮੇਰਾ ਪਰਿਵਾਰ ਡਰਿਆ ਮਹਿਸੂਸ ਕਰ ਰਿਹਾ ਹੈ।’

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦਾਮਾੜਾ ਹਾਲ, ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਹੋਣਾ ਤੇ ਪ੍ਰਧਾਨ ਮੰਤਰੀ ਦੀ ਸੁਰੱਖਿਆਬਾਰੇ ਕਾਂਗਰਸ-ਭਾਜਪਾ ਦੀ ਗੰਦੀ ਰਾਜਨੀਤੀ ਕਾਰਨ ਲੋਕਾਂ ਦੀ ਚਿੰਤਾ ਵਧ ਗਈ ਹੈ। ਇਸ ਕਾਰਨ ਅੱਜ ਮੈਂ ਪੰਜਾਬ ਦੇ ਸਾਰੇ ਆਮ ਲੋਕਾਂ ਅਤੇ ਵਪਾਰੀਆਂ, ਉਹ ਹਿੰਦੂ ਹੋਵੇ, ਸਿੱਖ, ਮੁਸਲਿਮ ਜਾਂ ਇਸਾਈ, ਸਭ ਨੂੰ ਯਕੀਨ ਦਿਵਾਉਂਦਾ ਹਾਂ ਕਿਤਿੰਨ ਕਰੋੜ ਪੰਜਾਬੀਆਂ ਦੀ ਸੁਰੱਖਿਆ ਦਾਜ਼ਿੰਮਾਸਾਡੀ ਪਾਰਟੀ ਦੀ ਸਰਕਾਰ ਚੁੱਕੇਗੀ।ਉਨ੍ਹਾ ਕਿਹਾ ਕਿ ਸਾਡੀ ਸਰਕਾਰ ਸੁਰੱਖਿਆਦੀਸਭ ਲੋਕਾਂ ਦੀ ਚਿੰਤਾ ਦੂਰ ਕਰੇਗੀ। ਪੰਜਾਬ ਦੇ ਹਰ ਵਿਅਕਤੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।’ ਪੰਜਾਬ ਵਿੱਚ ਸਰਕਾਰ ਬਣਨ ਪਿੱਛੋਂ ਕੇਂਦਰ ਸਰਕਾਰ ਨਾਲ ਸਬੰਧ ਕਿੱਦਾਂ ਦੇ ਹੋਣਗੇ, ਇਸ ਉੱਤੇ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿੱਚ ਸਾਡੀ ਸਰਕਾਰ ਦੇ ਮੋਦੀ ਸਰਕਾਰ ਨਾਲ ਕਈ ਗੱਲਾਂ ਉੱਤੇ ਤਿੱਖੇ ਮਤਭੇਦ ਹਨ, ਪਰ ਦੇਸ਼ ਦੀ ਸੁਰੱਖਿਆ ਤੇ ਲੋਕਾਂ ਦੀ ਭਲਾਈ ਦੇ ਮੁੱਦੇ ਉੱਤੇ ਅਸੀਂ ਸਦਾ ਕੇਂਦਰ ਸਰਕਾਰ ਦਾ ਸਾਥ



ਦਿੱਤਾ ਹੈ। ਕੋਰੋਨਾ ਵਾਇਰਸ ਦੀ ਮਾਰ ਦੇ ਦੌਰਾਨ ਵੀ ਅਸੀਂ ਕੇਂਦਰ ਸਰਕਾਰ ਨਾਲ ਤਾਲਮੇਲ ਕਰਕੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦਿੱਲੀ ਦੇ ਲੱਖਾਂ ਲੋਕਾਂ ਦੀ ਕੋਰੋਨਾ ਵਾਇਰਸ ਤੋਂ ਜਾਨ ਬਚਾਈ ਹੈ।

ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਸਰਹੱਦ ਪਾਰੋਂ ਹੁੰਦੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਡਰੋਨਾਂ ਬਾਰੇ ਕਿਹਾ ਕਿ ਅਸੀਂ ਪੰਜਾਬ ਦੀ ਅੰਤਰਰਾਸ਼ਟਰੀਸਰਹੱਦ ਦੀ ਰਾਖੀ ਦੇ ਉਚੇਚੇ ਪ੍ਰਬੰਧ ਕਰਕੇ ਘੁਸਪੈਠ, ਨਸ਼ਿਆਂ ਦੀ ਤਸਕਰੀ ਤੇ ਡਰੋਨਾਂ ਨੂੰ ਠੱਲ੍ਹ ਪਾਵਾਂਗੇ ਤੇ ਪੰਜਾਬ ਨੂੰ ਸੁਰੱਖਿਅਤ ਅਤੇ ਨਸ਼ਾ ਮੁਕਤ ਬਣਾਵਾਂਗੇ।ਉਨ੍ਹਾ ਨੇ ਕਿਹਾ ਕਿ ਇਸ ਕੰਮ ਲਈ ਸਿਰਫ ਇਮਾਨਦਾਰ ਸਰਕਾਰ ਦੀ ਲੋੜ ਹੈ ਤੇ ਜਦੋਂ ਇਮਾਨਦਾਰ ਸਰਕਾਰ ਬਣੇਗੀ ਤਾਂ ਇਹੀ ਪੁਲਸ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰੇਗੀ ਤੇ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਏਗੀ।

ਬੇਅਦਬੀ ਦੀਆਂ ਘਟਨਾਵਾਂ ਅਤੇ ਮਾਫੀਆ ਬਾਰੇ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਕਾਂਗਰਸ ਅਤੇ ਅਕਾਲੀ ਸਰਕਾਰਾਂ ਵਿੱਚ ਭ੍ਰਿਸ਼ਟਾਚਾਰ ਅਤੇ ਮਾਫੀਆ ਦਾ ਬੋਲਬਾਲਾ ਸੀ, ਪੁਲਸ ਅਫਸਰਾਂ ਦੀਆਂ ਬਦਲੀਆਂ-ਪੋਸਟਿੰਗਾਂ ਪੈਸੇ ਲੈਕੇ ਹੁੰਦੀਆਂ ਸਨ ਅਤੇ ਉਪਰ ਤੱਕ ਪੈਸੇ ਪੁਚਾਉਣ ਲਈ ਹਫਤੇ ਬੰਨ੍ਹੇ ਜਾਂਦੇ ਸਨ। ਇਸ ਲਈ ਡਰੱਗ ਮਾਫੀਆ, ਰੇਤ ਮਾਫੀਆ ਅਤੇ ਹੋਰ ਮਾਫੀਆ ਨੂੰ ਛੋਟ ਦੇਣਾ ਪੁਲਸ ਦੀ ਮਜਬੂਰੀ ਸੀ, ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਅਸੀਂ ਪੁਲਸ ਅਫਸਰਾਂ ਤੋਂ ਹਫਤਾ ਨਹੀਂ ਲਵਾਂਗੇ ਤਾਂ ਇਹੀ ਪੁਲਸ ਅਪਰਾਧੀਆਂ, ਭ੍ਰਿਸ਼ਟ ਭ੍ਰਿਸ਼ਟਾਚਾਰੀਆਂ ਅਤੇ ਮਾਫੀਆ ਦੇ ਖਿਲਾਫ ਕਾਰਵਾਈ ਕਰੇਗੀ ਤੇ ਕਾਨੂੰਨ ਵਿਵਸਥਾ ਸਖਤ ਬਣਾਏਗੀ।

# ਪ੍ਰਿਅੰਕਾ ਦਾ ਮੋਦੀ ਤੇ ਕੇਜਰੀਵਾਲ ਉੱਤੇ ਤਨਜ਼: ਦਿਖਾਵੇ ਲਈ ਦਸਤਾਰ ਬੰਨ੍ਹ ਕੇ ਸਰਦਾਰ ਨਹੀਂ ਬਣਿਆ ਜਾ ਸਕਦਾ

*** ਨਵਜੋਤ ਸਿੱਧੂ ਦੇ ਹਲਕੇ ਵਿੱਚ ਰੋਡ ਰੈਲੀ**

ਰੂਪਨਗਰ, 15 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਰੂਪਨਗਰ ਵਿੱ-ਚਅੱਜ ਕਾਂਗਰਸਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਦੇ ਨਿਸ਼ਾਨੇ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਰਹੇ। ਉਨ੍ਹਾ ਨੇ ਰੋਡ ਸ਼ੋਅ ਦੌਰਾਨ ਕਿਹਾ ਕਿ ਦਿਖਾਵੇ ਲਈ ਦਸਤਾਰ ਬੰਨ੍ਹਣ ਦੇ ਨਾਲ ਕੋਈ ਸਰਦਾਰ ਨਹੀਂ ਬਣ ਸਕਦਾ। ਪ੍ਰਿਅੰਕਾ ਗਾਂਧੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਰੂਪਨਗਰ ਤੋਂ ਕਾਂਗਰਸੀ ਉਮੀਦਵਾਰ ਬਰਿੰਦਰ ਸਿੰਘ ਢਿੱਲੋਂ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਸਮਝਣਾ ਪਵੇਗਾ ਕਿ ਅਸਲੀ ਸਰਦਾਰ ਕੌਣ ਹੈ। ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ‘ਪੰਜਾਬ ਪੰਜਾਬੀਆਂ ਦਾ ਹੈ ਤੇ ਪੰਜਾਬੀ ਖੁਦ ਆਪਣੀ ਸਰਕਾਰ ਬਣਾਉਣਗੇ। ਆਮ



ਆਦਮੀ ਪਾਰਟੀ ਕੋਈ ਨਵੀਂ ਸਿਆਸਤ ਨਹੀਂ ਦੇਵੇਗੀ, ਨਾ ਮੋਦੀ ਕੋਈ ਨਵੀਂ ਸਿਆਸਤ ਦੇਣਗੇ। ਨਵੀਂ ਸਿਆਸਤ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਨੇ 111 ਦਿਨਾਂਵਿੱਚਦਿੱਤੀ ਹੈ।ਚਰਨਜੀਤ ਸਿੰਘ ਚੰਨੀ ਨੇ ਹਿੰਮਤ ਵਾਲੇ ਫ਼ੈਸਲੇ ਕੀਤੇ ਹਨ। ਇਸ ਮੌਕੇਪ੍ਰਿਅੰਕਾ ਲੋਕਾਂ ਨੂੰ ਇਹ ਯਾਦ ਦਿਵਾਇਆ ਕਿ ਉਨ੍ਹਾਂ ਦਾ ਸਹੁਰਾ ਘਰ ਪੰਜਾਬ ਵਿੱਚ ਹੈ। ਪ੍ਰਿਅੰਕਾ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਨ੍ਹਾਂ ਦੇ ਬੱਚਿਆਂ ਦੀਆਂ ਰਗਾਂ ਵਿੱਚ ਪੰਜਾਬੀ ਖ਼ੂਨ ਹੈ। ਰੋਡ ਸ਼ੋਅ ਵੇਲੇ ਟ੍ਰੈਕਟਰ ਉੱਤੇ ਉਨ੍ਹਾਂ ਦੇ ਨਾਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਬੈਠੇ ਸਨ ਤੇ ਟ੍ਰੈਕਟਰ ਨੂੰ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਚਲਾ ਰਹੇ ਸਨ।

ਇਸ ਮਗਰੋਂ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਅੰਮ੍ਰਿਤਸਰ ਦੇ ਹਲਕਾ ਪੂਰਬੀ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਅਤੇ ਹਲਕਾ ਉੱਤਰੀ ਦੇ ਉਮੀਦਵਾਰ ਸੁਨੀਲ ਦੱਤੀ ਲਈ ਰੋਡ ਰੈਲੀ ਕੱਢੀਤੇ ਕਰੀਬ ਅੱਧਾ ਕਿਲੋਮੀਟਰ ਨਾਲ ਚੱਲਣ ਦੇ ਬਾਅਦ ਵਾਪਸ ਚਲੇ ਗਏ। ਉਨ੍ਹਾ ਨੇ ਹਲਕਾ ਪੱਛਮੀ ਦੇ ਉਮੀਦਵਾਰ ਡਾ. ਰਾਜ ਕੁਮਾਰ ਵੇਰਕਾ ਲਈ ਵੀ ਰੋਡ ਰੈਲੀ ਕੱਢਣੀ ਸੀ, ਪਰ ਦੇਰੀ ਹੋਣ ਕਾਰਨ ਇਹਪ੍ਰੋਗਰਾਮ ਪਹਿਲਾਂ ਰੱਦ ਕਰਨਾ ਪਿਆ।ਪ੍ਰੋਗਰਾਮ ਦੇ ਅਨੁਸਾਰ ਪ੍ਰਿਯੰਕਾ ਗਾਂਧੀ ਦਾ ਹੈਲੀਕਾਪਟਰ ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੈਲੀਪੈਡ ਵਿਖੇ ਉੱਤਰਨਾ ਸੀ, ਕਿਸੇ ਕਾਰਨ ਉੱਥੇ ਨਹੀਂ ਉੱਤਰ ਸਕਿਆਅਤੇ ਰਾਜਾਸਾਂਸੀ ਹਵਾਈ ਅੱਡੇ ਉੱਤੇ ਉੱਤਰ ਕੇ ਉਹ ਅੰਮ੍ਰਿਤਸਰ ਦੇ ਹਲਕਾ ਪੂਰਬੀ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਇਸ ਨਾਲ ਲੱਗਦੇ ਹਲਕਾ ਉਤਰੀ ਵਿਚ ਕਾਂਗਰਸ ਉਮੀਦਵਾਰ ਸੁਨੀਲ ਦੱਤੀ ਦੀ ਰੋਡ ਰੈਲੀ ਵਿੱਚ ਸ਼ਾਮਲ ਹੋਏ।

# ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਸੂਚਨਾ ਕਮਿਸ਼ਨਰ ਅਨੁਮੀਤ ਸੋਢੀ ਦੇ ਖਿਲਾਫ਼ ਕਾਰਵਾਈ ਦੀ ਸਿਫਾਰਸ਼

ਚੰਡੀਗੜ੍ਹ, 15 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ (ਈਸੀਆਈ) ਨੇਅੱਜ ਪੰਜਾਬ ਦੇ ਗਵਰਨਰ ਨੂੰ ਪੰਜਾਬ ਰਾਜ ਸੂਚਨਾ ਕਮਿਸ਼ਨਰ ਅਨੁਮੀਤ ਸਿੰਘ ਸੋਢੀ ਨੂੰ ਢੁਕਵੀਂ ਐਡਵਾਈਜ਼ਰੀ ਜਾਰੀ ਕਰਨ ਅਤੇ ਉਨ੍ਹਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੇ ਲਈ ਬੇਨਤੀ ਕੀਤੀ ਹੈ।

ਇਸ ਬਾਰੇ ਪੰਜਾਬ ਦੇਮੁੱਖ ਚੋਣ ਅਫ਼ਸਰ (ਸੀਈਓ) ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਪੰਜਾਬਸਟੇਟ ਇਨਫਰਮੇਸ਼ਨ ਕਮਿਸ਼ਨਰ ਅਨੁਮੀਤ ਸਿੰਘਵਿਰੁੱਧ ਚੋਣ ਕਮਿਸ਼ਨ ਨੂੰ ਮਿਲੀਆਂ ਦੋ ਸ਼ਿਕਾਇਤਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਰਾਜ ਸੂਚਨਾ ਕਮਿਸ਼ਨਰ ਵਜੋਂ ਅਨੁਮੀਤ ਸਿੰਘ ਨੂੰ ਮਿਲੇ ਅਧਿਕਾਰਾਂ ਦੀ ਉਹ ਉਲੰਘਣਾ ਕਰ ਰਿਹਾ ਅਤੇ ਆਪਣੇ ਪਿਤਾ ਰਾਣਾ ਗੁਰਮੀਤ ਸਿੰਘ ਸੋਢੀ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਾ ਹੈ।ਈਸੀਆਈ ਵੱਲੋਂ ਆਏ ਪੱਤਰ ਵਿੱਚ ਲਿਖਿਆ ਹੈ ਕਿ‘ਸ਼ਿਕਾਇਤਕਰਤਾ ਵੱਲੋਂ ਭੇਜੀਆਂ ਵੀਡੀਓ/ ਫੋਟੋ ਮੁਤਾਬਕ ਅਨੁਮੀਤ ਸਿੰਘ ਵੱਲੋਂ ਚੋਣ ਮੁਹਿੰਮ ਵਿੱਚਹਿੱਸਾ ਲੈਣ ਤੇ ਸਿਆਸੀ ਗਤੀਵਿਧੀ ਕਰਨ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।’ ਪੱਤਰ ਵਿੱਚ ਅੱਗੇ ਲਿਖਿਆ ਹੈ, ‘ਰਿਪੋਰਟਾਂ, ਤੱਥਾਂ, ਨਿਯਮਾਂ ਤੇ ਆਦਰਸ਼ ਚੋਣ ਜ਼ਾਬਤੇ ਦੀਆਂ ਵਿਵਸਥਾਵਾਂ ਦੇ ਆਧਾਰ ਉੱਤੇ ਕਮਿਸ਼ਨ ਨੇ ਪਾਇਆ ਕਿ ਅਨੁਮੀਤ ਸਿੰਘ ਸੋਢੀ ਨੇ ਆਰਟੀਆਈ ਐਕਟ ਦੇ ਆਮ ਪ੍ਰਬੰਧਾਂ ਅਤੇ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਹੋਏ ਆਦਰਸ਼ ਚੋਣ ਜ਼ਾਬਤੇ ਦੀਆਂ ਵਿਵਸਥਾਵਾਂ ਦੀ ਉਲੰਘਣਾ ਕੀਤੀ ਹੈ।’

ਭਾਰਤ ਦੇ ਚੋਣ ਕਮਿਸ਼ਨ ਨੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਸੈਕਟਰੀ ਨੂੰ ਵੀ ਇੱਕ ਪੱਤਰ ਲਿਖਿਆ ਹੈ ਕਿ‘ਸੂਚਨਾ ਅਧਿਕਾਰ


*** ਸਾਬਕਾ ਮੰਤਰੀ ਰਾਣਾ ਗੁਰਮੀਤ ਸੋਢੀ ਦਾ ਪੁੱਤਰ ਹੈ ਅਨੁਮੀਤ ਸੋਢੀ**

ਐਕਟ 2005 ਦੀ ਧਾਰਾ 12 (6) ਅਤੇ ਚੋਣਾਂ ਦੇ ਸਮੇਂ ਦੌਰਾਨ ਵੱਖ-ਵੱਖ ਕਮਿਸ਼ਨਾਂ ਦੇ ਮੈਂਬਰਾਂ ਦੇ ਦੌਰਿਆਂ ਬਾਰੇ ਕਮਿਸ਼ਨ ਦੀਆਂ ਮੌਜੂਦਾ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਚੋਣ ਕਮਿਸ਼ਨ



ਚਾਹੁੰਦਾ ਹੈ ਕਿ ਇਹ ਸਾਰੇ ਸੂਚਨਾ ਕਮਿਸ਼ਨਰਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਕਿ ਪ੍ਰਚਾਰ ਕਰਦੇ ਸਮੇਂ ਉਹ ਸਰਕਾਰੀ ਵਾਹਨ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ।’ ਵਰਨਣ ਯੋਗ ਹੈ ਕੇ ਸੂਚਨਾ ਕਮਿਸ਼ਨਰ ਅਨੁਮੀਤ ਸਿੰਘ ਸੋਢੀ ਪੰਜਾਬ ਦੇ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦਾ ਪੁੱਤਰ ਹੈ ਤੇ ਕੈਪਟਨ ਅਮਰਿੰਦਰ ਸਿੰਘ ਦਾ ਨੇੜਲਾ ਸਾਥੀ ਰਹਿ ਚੁੱਕਾ ਰਾਣਾ ਗੁਰਮੀਤ ਸਿੰਘ ਸੋਢੀ ਅੱਜਕੱਲ੍ਹ ਫਿਰੋਜ਼ਪੁਰ ਤੋਂ ਭਾਜਪਾ ਦੀ ਟਿਕਟ ਉੱਤੇ ਵਿਧਾਨ ਸਭਾ ਚੋਣ ਲੜ ਰਿਹਾ ਹੈ।

# ਲਖੀਮਪੁਰ ਖੀਰੀ ਕੇਸ: ਅਸ਼ੀਸ਼ ਮਿਸ਼ਰਾ ਜੇਲ੍ਹ ਵਿਚੋਂ ਮੁੱਖ ਗੇਟ ਦੀ ਬਜਾਏ ਪਿਛਲੇ ਦਰਵਾਜ਼ਿਓਂ ਕੱਢਿਆ ਗਿਆ



ਲਖਨਊ, 15 ਫਰਵਰੀ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਹੋਈ ਹਿੰਸਾ ਦੇਕੇਸ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ।

ਭਾਰਤ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਉਰਫ ਟੇਨੀ ਦੇ ਪੁੱਤਰ ਤੇ ਲਖੀਮਪੁਰ ਖੀਰੀ ਕਾਂਡ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ, ਜਿਸ ਤੋਂ ਬਾਅਦ ਆਸ਼ੀਸ਼ ਮਿਸ਼ਰਾ ਉਰਫ਼ ਮੋਨੂੰ ਅੱਜ ਕਰੀਬ 130 ਦਿਨਾਂ ਦੇ ਬਾਅਦ ਜੇਲ੍ਹ ਤੋਂ ਨਿਕਲਿਆ ਹੈ।ਕੇਂਦਰੀ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਮੁੱਖ ਗੇਟ ਦੀ ਬਜਾਏ ਪਿਛਲੇ ਦਰਵਾਜ਼ੇ ਤੋਂ ਕੱਢਿਆ ਗਿਆਹੈ। ਵਰਨਣ ਯੋਗ ਹੈ ਕਿ ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਵੀਰਵਾਰ ਨੂੰ ਇਸ ਕੇਸ ਵਿੱਚ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਮਨਜ਼ੂਰ ਕੀਤੀ ਸੀ। ਮਿਸ਼ਰਾ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਕਿਹਾ ਸੀ ਕਿ ਉਸ ਦਾ ਕਲਾਈਂਟ ਬੇਕਸੂਰ ਹੈ ਅਤੇ ਉਸ ਵਿਰੁੱਧ ਇਸ ਜੁਰਮ ਦਾ ਕੋਈ ਸਬੂਤ ਨਹੀਂ ਕਿ ਉਸ ਨੇ ਕਿਸੇ ਵਾਹਨ ਦੇ ਡਰਾਈਵਰ ਨੂੰ ਕਿਸਾਨਾਂ ਨੂੰ ਕੁਚਲਣ ਲਈ ਉਕਸਾਇਆ ਸੀ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh
Photographer: Kanwaljit Singh Kanwal
Distributer Marketing: Aman Warraich, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ..ਤਾਂ ਕਿ ਸਰਦਾਰ ਹੋਰਨਾਂ ਚੀਜ਼ਾਂ ਦੇ ਬਾਰੇ ਚਿੰਤਾ ਕਰ ਸਕੇ

-ਆਕਾਰ ਪਟੇਲ

ਵਿਅਕਤੀਆਂ ਦੇ ਮੁੱਢਲੇ ਅਧਿਕਾਰਾਂ ਬਨਾਮ ਸੂਬਾ ਅਧਿਕਾਰਾਂ ਦਾ ਇੱਕ ਹੋਰ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਹੈ। ਜਿਵੇਂ ਇਹ ਸਾਡੇ ਸਮੇਂ ਵਿੱਚ ਆਮ ਹੈ, ਇਹ ਘੱਟ ਗਿਣਤੀਆਂ ਨਾਲ ਸਬੰਧਤ ਹੈ। ਮਾਮਲਾ ਇਹ ਹੈ ਕਿ ਕੀ ਧਾਰਾ 25 ਹਿਜਾਬ ਪਹਿਨਣ ਤੋਂ ਰੋਕਣ ਦੀ ਸਰਕਾਰ ਨੂੰ ਕੁਝ ਇਜਾਜ਼ਤ ਦਿੰਦੀ ਹੈ? ਇਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਲੋਕਾਂ ਨੂੰ ਧਰਮ ਨੂੰ ਅਪਣਾਉਣ, ਉਨ੍ਹਾਂ ਦੀ ਪਾਲਣਾ ਕਰਨ ਅਤੇ ਪ੍ਰਚਾਰ ਕਰਨ ਦਾ ਬਰਾਬਰ ਦਾ ਅਧਿਕਾਰ ਹੈ।

ਇਸ ਦਾ ਸਿੱਧਾ ਜਿਹਾ ਅਰਥ ਹੋਇਆ ਕਿ ਵਿਅਕਤੀਆਂ ਦੇ ਅਧਿਕਾਰਾਂ ਨੂੰ ਜ਼ਰੂਰੀ ਤੌਰ ਉੱਤੇ ਪ੍ਰਮੁੱਖਤਾ ਦੇਣੀ ਚਾਹੀਦੀ ਹੈ। ਮੁਟਿਆਰਾਂ ਦਾ ਕਹਿਣਾ ਹੈ ਕਿ ਸਿਰ ਢੱਕਣਾ ਉਨ੍ਹਾਂ ਲਈ ਇੱਕ ਧਾਰਮਿਕ ਰਵਾਇਤ ਹੈ ਅਤੇ ਸੰਵਿਧਾਨ ਇਸ ਦੀ ਇੱਕ ਮੁੱਢਲੇ ਅਧਿਕਾਰ ਦੇ ਤੌਰ ਉੱਤੇ ਗਾਰੰਟੀ ਦਿੰਦਾ ਹੈ।

ਸਰਕਾਰ, ਜਿਵੇਂ ਇਸ ਨੇ ਹਮੇਸ਼ਾ ਕੀਤਾ ਹੈ, ਦਾ ਤਰਕ ਹੈ ਕਿ ਵਿਅਕਤੀ ਕੀ ਕਰ ਸਕਦੇ ਹਨ ਅਤੇ ਕੀ ਨਹੀਂ, ਇਸ ਵਿੱਚ ਉਸ ਦਾ ਬਹੁਤ ਦਖਲ ਹੈ। ਅਸੀਂ ਆਸ ਕਰਦੇ ਹਾਂ ਕਿ ਨਿਆਂ ਪਾਲਿਕਾ ਦੂਜੇ ਢੰਗ ਨਾਲ ਦੇਖਦੀ ਹੈ, ਪਰ ਰਿਕਾਰਡ ਚੰਗਾ ਨਹੀਂ ਅਤੇ ਆਮ ਤੌਰ ਉੱਤੇ ਨਿਆਂ ਪ੍ਰਕਿਰਿਆ ਸਰਕਾਰ ਦਾ ਸਮਰਥਨ ਕਰਦੀ ਹੈ। ਇਸ ਕਾਰਨ ਭਾਰਤੀਆਂ ਨੂੰ ਕਾਗਜ਼ ਉੱਤੇ ਆਜ਼ਾਦੀਆਂ ਪ੍ਰਾਪਤ ਹਨ ਤੇ ਅਸਲੀਅਤ ਵਿੱਚ ਇਸ ਦੀ ਵਰਤੋਂ ਨਹੀਂ ਕਰ ਸਕਦੇ। ਇੱਥੋਂ ਤੱਕ ਕਿ ਮੁੱਢਲੇ ਅਧਿਕਾਰ, ਜਿਸ ਨਾਲ ਸਰਕਾਰ ਦੇ ਦਾਬੇ ਤੋਂ ਵੱਧ ਆਜ਼ਾਦੀ ਦੀ ਆਸ ਕੀਤੀ ਜਾਂਦੀ ਹੈ, ਨੂੰ ਨਿਯਮਿਤ ਤੌਰ ਉੱਤੇ ਨੀਵਾਂ ਦਿਖਾਇਆ ਜਾਂਦਾ ਹੈ। ਮਿਸਾਲ ਲਈ ਭਾਰਤੀਆਂ ਕੋਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ, ਪਰ ਸਰਕਾਰ ਕੋਲ ਕਈ ਕਾਨੂੰਨ ਹਨ, ਜੋ ਆਜ਼ਾਦੀ ਬੋਲਣ ਨੂੰ ਜੁਰਮ ਮੰਨਦੇ ਹਨ। ਅਸਲ ਵਿੱਚ ਸ਼ਾਂਤੀਪੂਰਨ ਇਕੱਠ ਜਾਂ ਯੂਨੀਅਨ ਬਣਾਉਣ ਦੀ ਆਜ਼ਾਦੀ ਦੀ ਅਸਲੀਅਤ ਆਜ਼ਾਦੀ ਨਹੀਂ ਅਤੇ ਦੋਵਾਂ ਨੂੰ ਵੀ ਅਪਰਾਧ ਮੰਨਿਆ ਜਾਂਦਾ ਹੈ।

ਸੰਵਿਧਾਨਕ ਤੌਰ ਉੱਤੇ ਕਾਰੋਬਾਰ ਤੇ ਕੋਈ ਵੀ ਪੇਸ਼ਾ ਕਰਨ ਦੀ ਆਜ਼ਾਦੀ ਹੈ ਪਰ ਜਦੋਂ ਕਸਾਈ ਗਊ ਹੱਤਿਆ ਕਾਨੂੰਨਾਂ ਦੇ ਵਿਰੁੱਧ ਅਦਾਲਤਾਂ ਵਿੱਚ ਜਾਂਦੇ ਹਨ ਤਾਂ ਸੁਪਰੀਮ ਕੋਰਟ ਨੇ ਪ੍ਰਵਾਨ ਕੀਤਾ ਕਿ ਉਸ ਨੂੰ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ ਅਤੇ ਅਧਿਕਾਰਾਂ ਨੂੰ ਦਰੜ ਦਿੱਤਾ। ਫਿਰ ਈਸਾਈਆਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ, ਪਰ ਕਾਨੂੰਨਾਂ ਰਾਹੀਂ ਇਹ ਅਧਿਕਾਰ ਉਸ ਤੋਂ ਖੋਹ ਲਿਆ ਗਿਆ ਤੇ ਅੱਜ ਉਨ੍ਹਾਂ ਦਾ ਧਰਮ ਪ੍ਰਚਾਰ ਕਰਨਾ ਅਪਰਾਧ ਹੈ।

ਹਿਜਾਬ ਮੁੱਦਾ ਫਿਰ ਇਹ ਗੱਲ ਦੁਨੀਆ ਦੇ ਨੋਟਿਸ ਵਿੱਚ ਲੈ ਆਇਆ ਹੈ ਕਿ ਭਾਰਤ ਘੱਟ ਗਿਣਤੀਆਂ ਨਾਲ ਕੀ ਕਰਦਾ ਹੈ? ਕੌਮਾਂਤਰੀ ਧਾਰਮਿਕ ਆਜ਼ਾਦੀ ਲਈ ਅਮਰੀਕਾ ਦੇ ਰਾਜਦੂਤ ਨੇ ਟਵੀਟ ਕੀਤਾ ਕਿ 'ਧਾਰਮਿਕ ਆਜ਼ਾਦੀ' ਵਿੱਚ ਕਿਸੇ ਵੱਲੋਂ ਆਪਣੇ ਧਾਰਮਿਕ ਪਹਿਰਾਵੇ ਨੂੰ ਚੁਣਨ ਦੀ ਸਮੱਰਥਾ ਵੀ ਸ਼ਾਮਲ ਹੈ। ਭਾਰਤੀ ਸੂਬੇ ਕਰਨਾਟਕ ਨੂੰ ਧਾਰਮਿਕ ਪਹਿਰਾਵੇ ਬਾਰੇ ਤੈਅ ਨਹੀਂ ਕਰਨਾ ਚਾਹੀਦਾ। ਸਕੂਲਾਂ ਵਿੱਚ ਹਿਜਾਬ ਉੱਤੇ ਪਾਬੰਦੀ ਲਗਾਉਣੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ।' ਆਸ ਕੀਤੀ ਜਾਂਦੀ ਸੀ ਕਿ ਇਹ ਸਮਝਦਾਰੀ ਪੂਰਨ ਸਲਾਹ ਉੱਤੇ ਅਮਲ ਕੀਤਾ ਜਾਵੇਗਾ, ਪਰ ਅਜਿਹੀ ਸੰਭਾਵਨਾ ਨਹੀਂ। ਨਿਆਂ ਪਾਲਿਕਾ ਇਹ ਤੈਅ ਕਰਨਾ ਚਾਹੁੰਦੀ ਹੈ ਕਿ ਹਿਜਾਬ 'ਜ਼ਰੂਰੀ ਧਾਰਮਿਕ ਪ੍ਰਥਾ' ਹੈ ਜਾਂ ਨਹੀਂ। ਇਸ ਨੇ ਪਹਿਲਾਂ ਅਯੁੱਧਿਆ ਮਾਮਲੇ ਵਿੱਚ ਸੁਣਵਾਈ ਦੇ ਇੱਕ ਹਿੱਸੇ ਵਜੋਂ ਭਾਰਤੀ ਮੁਸਲਮਾਨਾਂ ਨੂੰ ਕਿਹਾ ਸੀ ਕਿ ਉਨ੍ਹਾਂ ਦੇ ਧਰਮ ਲਈ ਮਸਜਿਦਾਂ ਜ਼ਰੂਰੀ ਨਹੀਂ।

ਧਾਰਮਿਕ ਦੇ ਇਲਾਵਾ ਮੌਜੂਦਾ ਕੇਸ ਵਿੱਚ ਇੱਕ ਸਿਆਸਤ ਤੇ ਸਮਾਜਿਕ ਕੋਣ ਵੀ ਹੈ। ਮੈਂ ਮੁਟਿਆਰਾਂ ਦੇ ਬਾਰੇ ਨਹੀਂ ਬੋਲਣਾ ਚਾਹੁੰਦਾ, ਪਰ ਭਾਰਤ ਵਿੱਚ ਮੁਸਲਮਾਨਾਂ ਵਿਰੁੱਧ ਨਿਯੋਜਿਤ ਪ੍ਰਚਾਰ ਦੇ ਹਿੱਸੇ ਵਜੋਂ ਉਨ੍ਹਾਂ ਨੂੰ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਥਾਵਾਂ ਉੱਤੇ ਪ੍ਰਾਰਥਨਾ ਕਰਨ, ਮਾਸ ਪਕਾਉਣ ਤੋਂ ਰੋਕਿਆ ਜਾਂਦਾ ਹੈ ਤੇ ਚੂੜੀਆਂ ਵੇਚਣ ਉੱਤੇ ਜੇਲ ਭੇਜ ਦਿੱਤਾ ਜਾਂਦਾ ਹੈ। ਨਾਗਰਿਕਤਾ ਦੇ ਮੁੱਦੇ ਉੱਤੇ ਉਨ੍ਹਾਂ ਦੇ ਵਿਰੁੱਧ ਕਾਨੂੰਨ ਪਾਸ ਕੀਤੇ ਜਾਂਦੇ ਹਨ। ਇਹ ਸੰਭਾਵਨਾ ਹੈ ਕਿ ਮੁਟਿਆਰਾਂ ਸਿਰਫ ਆਪਣੇ ਅਧਿਕਾਰਾਂ ਤੋਂ ਵੱਧ ਲਈ ਖੜ੍ਹੀਆਂ ਹੋਣਗੀਆਆਂ ਅਤੇ ਇਹੀ ਕਾਰਨ ਹੈ ਕਿ ਮੁਟਿਆਰ ਇੱਕ ਗੰਦੀ ਭੀੜ ਦੇ ਸਾਹਮਣੇ ਖੜ੍ਹੀ ਹੋ ਗਈ ਜਿਸ ਦੇ ਚਿੱਤਰ ਸਾਡੇ ਸਾਰੇ ਭਾਰਤੀਆਂ ਲਈ ਸ਼ਰਮਨਾਕ ਹੋਣੇ ਚਾਹੀਦਾ ਹੈ, ਪਰ ਅਜਿਹਾ ਨਹੀਂ ਹੋਵੇਗਾ।

ਫਿਰ ਸਵਾਲ ਇਹ ਹੈ ਕਿ ਜੇ ਉਨ੍ਹਾਂ ਨੂੰ ਆਪਣੇ ਸਕਾਰਫ ਅਤੇ ਹਿਜਾਬ ਹਟਾਉਣ ਲਈ ਕਿਹਾ ਜਾਂਦਾ ਹੈ ਤਾਂ ਅੱਗੇ ਕੀ ਹੁੰਦਾ ਹੈ? ਸੰਕੇਤ ਪਹਿਲਾਂ ਹੀ ਸਪੱਸ਼ਟ ਹਨ। ਇੱਕ ਟੀ ਵੀ ਚੈਨਲ ਦੀ ਇੱਕ ਹੈਡਲਾਈਨ ਵਿੱਚ ਕਿਹਾ ਗਿਆ ਕਿ 'ਲੜਕੀਆਂ ਦੇ ਇਸ ਗੱਲ ਤੋਂ ਨਾਂਹ ਕਰਨ ਦੇ ਬਾਅਦ ਕਿ ਉਹ ਕੀ ਨਾ ਪਹਿਨਣ, ਹਿਜਾਬ ਬਾਰੇ ਵਿਖਾਵੇ ਭਾਰਤ ਵਿੱਚ ਫੈਲ ਗਏ।' ਔਰਤਾਂ ਹਿਜਾਬ ਪਹਿਨ ਕੇ ਆਉਣਾ ਜਾਰੀ ਰੱਖਣਗੀਆਂ ਅਤੇ ਫਿਰ ਸੂਬੇ ਨੂੰ ਇਹ ਫੈਸਲਾ ਲੈਣਾ ਪਵੇਗਾ ਕਿ ਕੀ ਉਨ੍ਹਾਂ ਵਿਰੁੱਧ ਉਸ ਨੂੰ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ ਜਾਂ ਨਹੀਂ ਅਤੇ ਕੀ ਉਨ੍ਹਾਂ ਨੂੰ ਸਿੱਖਿਆ ਅਤੇ ਪ੍ਰੀਖਿਆ ਹਾਲਾਂ ਵਿੱਚ ਦਾਖਲ ਤੋਂ ਵਾਂਝੇ ਰੱਖਣਾ ਸਮਝਦਾਰੀ ਹੋਵੇਗੀ?

ਇਸ ਬਾਰੇ ਭਵਿੱਖਬਾਣੀ ਕਰਨੀ ਔਖੀ ਨਹੀਂ ਤੇ ਅਸੀਂ ਦੇਖਿਆ ਹੈ ਕਿ ਕੀ ਹੋਇਆ ਜਦੋਂ ਵੱਡੀ ਗਿਣਤੀ ਵਿੱਚ ਨਾਗਰਿਕ ਉਨ੍ਹਾਂ ਕਾਨੂੰਨਾਂ ਵਿਰੁੱਧ ਖੜ੍ਹੇ ਹੋ ਗਏ ਜਿਨ੍ਹਾਂ ਨੂੰ ਉਹ ਸਹੀ ਨਹੀਂ ਸਮਝਦੇ। ਸਰਕਾਰ ਨੂੰ ਕਦਮ ਵਾਪਸ ਲੈਣੇ ਪਏ ਜਿਵੇਂ ਨਾਗਰਿਕਤਾ ਕਾਨੂੰਨਾਂ (ਜੋ ਪਾਸ ਤਾਂ ਕੀਤੇ ਗਏ ਪਰ ਲਾਗੂ ਨਹੀਂ ਹੋਏ) ਅਤੇ ਖੇਤੀ ਕਾਨੂੰਨਾਂ ਦੇ ਮਾਮਲੇ ਵਿੱਚ ਵੀ ਇਹੀ ਹੋਇਆ, ਜਿਨ੍ਹਾਂ ਨੂੰ ਵਾਪਸ ਲਿਆ ਗਿਆ। ਦੋਵਾਂ ਕੇਸਾਂ ਵਿੱਚ ਅਦਾਲਤਾਂ ਵਿਖਾਵਾਕਾਰੀਆਂ ਪ੍ਰਤੀ ਹਮਦਰਦੀ ਵਾਲੀਆਂ ਨਹੀਂ ਸਨ, ਪਰ ਇਸ ਦੀ ਕੋਈ ਪ੍ਰਵਾਹ ਨਹੀਂ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਇੱਥੇ ਵੀ ਕੁਝ ਅਜਿਹਾ ਹੀ ਹੋਵੇਗਾ ਅਤੇ ਕੋਈ ਹੋਰ ਨਤੀਜਾ ਦੇਖਣਾ ਔਖਾ ਹੈ ਸਿਵਾਏ ਇਸਦੇ ਕਿ ਸਰਕਾਰ ਇੱਕ ਵਾਰ ਫਿਰ ਪਿੱਛੇ ਹਟੇਗੀ ਅਤੇ ਮੁਟਿਆਰਾਂ ਨੂੰ ਆਪਣੀ ਆਜ਼ਾਦੀ ਦੀ ਵਰਤੋਂ ਕਰਨ ਦੇਵੇਗੀ।

ਮੈਂ ਆਸ ਕਰਦਾ ਹਾਂ ਕਿ ਇਹ ਬਿਨਾਂ ਕਿਸੇ ਟਕਰਾਅ ਅਤੇ ਅੜਿੱਕੇ ਦੇ ਹੋਵ-ੇਗਾ। ਜੋ ਬਿਹਤਰੀਨ ਪ੍ਰਾਰਥਨਾ ਅਸੀਂ ਕਰ ਸਕਦੇ ਹਾਂ, ਉਹ ਇਹ ਹੈ ਕਿ ਅਦਾਲਤਾਂ ਮੁੱਢਲੇ ਅਧਿਕਾਰਾਂ ਦੇ ਪੱਖ ਵਿੱਚ ਜਲਦੀ ਫੈਸਲਾ ਸੁਣਾਉਣਗੀਆਂ ਤਾਂ ਕਿ ਸਕਕਾਰ ਹੋਰਨਾਂ ਚੀਜ਼ਾਂ ਬਾਰੇ ਚਿੰਤਾ ਕਰ ਸਕੇ ਨਾ ਕਿ ਮੁਟਿਆਰਾਂ ਕੀ ਪਹਿਨਣ।

# ਮੈਂ ਕੱਤਾਂ ਪ੍ਰੀਤਾਂ ਨਾਲ...

-ਅਮਰੀਕ ਹਮਰਾਜ਼-



ਹਰ ਖੋਜ ਦਾ ਕਾਰਨ ਮਨੁੱਖ ਦੀਆਂ ਲੋੜਾਂ ਹੀ ਬਣੀਆਂ ਸਨ। ਰੋਟੀ, ਕੱਪੜਾ ਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਸਨ। ਜਿੱਥੇ ਮਨੁੱਖ ਨੇ ਰੋਟੀ ਤੇ ਮਕਾਨ ਲਈ ਅਨੇਕਾਂ ਹੰਭਲੇ ਮਾਰੇ, ਉਥੇ ਕੱਪੜੇ ਦੀ ਲੋੜ ਪੂਰੀ ਕਰਨੀ ਵੀ ਬਹੁਤ ਜ਼ਰੂਰੀ ਸੀ। ਜਦੋਂ ਮਨੁੱਖ ਨੂੰ ਆਪਣੇ ਪੰਜ ਤੱਤ ਦੇ ਸਰੀਰ ਦੀ ਸੋਝੀ ਹੋਈ ਤਾਂ ਸ਼ਰਮ ਹਿਆ ਨੇ ਹਰ ਪ੍ਰਾਣੀ ਨੂੰ ਸਮਾਜਕ ਚੱਜ ਅਚਾਰ ਵਾਲਾ ਬਣਾ ਕੇ ਸਿਆਣਾ ਮਨੁੱਖ ਬਣਨ ਨੂੰ ਪ੍ਰੇਰਿਆ। ਰੁੱਖਾਂ ਦੇ ਛਿਲਕਿਆਂ ਨੂੰ ਕੁੱਟ-ਕੁੱਟ ਕੇ ਉਨ੍ਹਾਂ ਦੀਆਂ ਰੱਸੀਆਂ ਜਿਹੀਆਂ ਵੱਟ ਕੇ ਉਨ੍ਹਾਂ ਨਾਲ ਵੱਡੇ-ਵੱਡੇ ਪੱਤਿਆਂ ਨੂੰ ਬੰਨ੍ਹ ਕੇ ਮਨੁੱਖ ਨੇ ਤਨ ਢੱਕਣੇ ਸ਼ੁਰੂ ਕੀਤੇ। ਮੌਕੇ ਦੀ ਲੋੜ ਮੁਤਾਬਕ ਛਿਲਕਿਆਂ ਨੂੰ ਵੱਟਣ ਲਈ ਇੱਕ ਗੋਲ ਚੱਕਰ ਹੋਂਦ ਵਿੱਚ ਆਇਆ। ਰੱਸੀਆਂ ਨੇ ਹੌਲੀ-ਹੌਲੀ ਬਰੀਕ ਧਾਗਿਆਂ ਦਾ ਰੂਪ ਲੈ ਲਿਆ ਅਤੇ ਗੋਲ ਚੱਕਰ ਨੇ ਚਰਖੇ ਦਾ ਰੂਪ ਧਾਰਿਆ। ਕਿਹਾ ਜਾਂਦਾ ਹੈ ਕਿ ਚਰਖਾ ਮੱਧ ਏਸ਼ੀਆ ਰਾਹੀਂ ਭਾਰਤ ਵਿੱਚ ਆਇਆ। ਆਰੀਆ ਲੋਕਾਂ ਨੇ ਇਸ ਦਾ ਮੁੱਢ ਬੰਨ੍ਹਿਆ। ਅਸਲ ਵਿੱਚ ਚਰਖਾ ਸ਼ਬਦ ਫਾਰਸੀ ਦੇ 'ਚਰਖਾਹ' ਦਾ ਰੂਪ ਹੈ, ਜਿਸ ਦਾ ਅਰਥ ਹੈ ਗੋਲਾਕਾਰ ਚੱਕਰ ਉੱਤੇ ਸੂਤ ਕੱਤਣਾ। ਲੋਕ ਧਾਰਨਾ ਇਹ ਵੀ ਹੈ ਕਿ ਚਰਖਾ ਵਿਸ਼ਵਕਰਮਾ ਜੀ ਨੇ ਲੋਕਾਂ ਦੀਆਂ ਲੋੜਾਂ ਨੂੰ ਦੇਖ ਕੇ ਬਣਾਇਆ ਸੀ। ਪੰਜਾਬੀ ਲੋਕ ਗੀਤਾਂ ਵਿੱਚ ਜ਼ਿਕਰ ਹੈ :

ਪਹਿਲਾ ਚਰਖਾ ਰੱਬ ਬਣਾਇਆ
ਮਾਂ ਮੇਰੀ ਨੇ ਵਿਹੜੇ ਡਾਹਿਆ।

ਇਸ ਦੀ ਖੋਜ ਦਾ ਸਿਹਰਾ ਕਿਸੇ ਦੇ ਮੱਥੇ ਵੀ ਬੱਝੇ, ਹਕੀਕਤ ਇਹ ਹੈ ਕਿ ਸਮਾਜ ਦੀ ਤਨ ਢੱਕਣ ਵਾਲੀ ਖਾਸ ਲੋੜ ਦਾ ਇਹ ਧੁਰਾ ਸਿੱਧ ਹੋਇਆ। ਪੰਜਾਬੀ ਮੁਟਿਆਰ ਨੇ ਚਰਖੇ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ। ਪੰਜਾਬੀ ਸਭਿਆਚਾਰ ਵਿੱਚ ਚਰਖੇ ਦੀ ਵੱਡੀ ਭੂਮਿਕਾ ਰਹੀ ਹੈ। ਰੰਗਲਾ ਚਰਖਾ, ਸ਼ੀਸ਼ਿਆਂ ਵਾਲਾ ਚਰਖਾ, ਚੰਦਨ ਦਾ ਚਰਖਾ, ਲਾਲ ਟਾਹਲੀ ਦਾ ਚਰਖਾ ਤੇ ਕਿੱਕਰ ਦਾ ਚਰਖਾ ਸਾਡੇ ਸਭਿਆਚਾਰ ਦੀ ਜਿੰਦ-ਜਾਨ ਹੋ ਨਿੱਬੜਿਆ। ਚੰਦਨ ਦੇ ਚਰਖੇ ਨੂੰ ਪ੍ਰੀਤਾਂ ਨਾਲ ਕੱਤਣਾ ਤੇ ਰੰਗਲੇ ਚਰਖੇ ਵਿੱਚ ਸੋਨੇ ਦੀਆਂ ਮੇਖਾਂ ਲਵਾ ਕੇ ਗਲੀ ਵਿੱਚ ਡਾਹ ਕੇ ਕੱਤਣ ਦੇ ਸ਼ੌਕ ਸਾਡੀ ਵਿਰਾਸਤ ਦੀਆਂ ਰਗਾਂ ਵਿੱਚ ਸਮਾਇਆ ਹੋਇਆ ਹੈ। ਚਰਖਾ ਕੱਤਦੀ ਮੁਟਿਆਰ ਕੋਲੋਂ ਗੱਭਰੂਆਂ ਦੇ ਗੇੜੇ ਅਤੇ ਕੱਤਣ ਵਾਲੀ ਦਾ ਮੁਸਕਣੀ ਹੱਸਣਾ ਸਾਡੀ ਲੋਕ-ਧਾਰਾ ਵਿੱਚ ਮਾਣਮੱਤੇ ਰੰਗ ਭਰਦਾ ਹੈ :

ਪੂਣੀਆਂ ਮੈਂ ਦੋ ਕੱਤੀਆਂ
ਤੇਰਾ ਚੌਥਾ ਵੇ ਗਲੀ ਦੇ ਵਿੱਚ ਗੇੜਾ।

ਪੰਜਾਬੀ ਮੁਟਿਆਰ ਪੂਣੀਆਂ ਨਾਲ ਅਠਖੇਲੀਆਂ ਕਰਦੀ ਹੈ, ਗੋਹੜਿਆਂ (ਗਲੋਟਿਆਂ) ਨਾਲ ਗੱਲਾਂ ਕਰਦੀ ਹੈ, ਯਾਦਾਂ ਦੇ ਤੰਦ ਪਾਉਂਦੀ ਗੋਰਿਆਂ ਹੱਥਾਂ ਨਾਲ ਖਾਹਿਸ਼ਾਂ ਦਾ ਗੇੜਾ ਦਿੰਦੀ ਹੈ ਤੇ ਚਰਖੇ ਦੀ ਘੂਕ ਉਸ ਨੂੰ ਜਵਾਨ ਦਿਲ ਦੀ ਧੜਕਣ ਵਾਲੀ ਸੁਰ ਜਾਪਦੀ ਹੈ। ਸਜੀਆਂ-ਧਜੀਆਂ ਮੁਟਿਆਰਾਂ ਚਰਖੇ ਨੂੰ ਤ੍ਰਿੰਞਣ ਦਾ ਲੰਗਾਰ ਬਣਾ ਕੇ ਇੱਕ ਦੂਜੀ ਨੂੰ ਮਸ਼ਕਰੀਆਂ ਕਰਦੀਆਂ ਸਨ। ਕਦੇ ਕਦੇ ਦਿਲ ਦੇ ਗੁੱਝੇ ਅਹਿਸਾਸ ਵਿੱਚ ਵੱਸਦੇ ਕਿਸੇ ਪਿਆਰੇ ਨੂੰ ਮਨ ਦੀ ਕੈਨਵਸ ਉੱਤੇ ਚਿਤਰ ਕੇ ਜਦੋਂ ਗਾਉਂਦੀਆਂ ਹਨ ਤਾਂ ਅੱਖੀਆਂ ਵਿੱਚ ਵੈਰਾਗ ਦੇ ਪਾਣੀ ਦੀ ਚਮਕ ਵੀ ਦਿਸ ਪੈਂਦੀ ਸੀ :

ਚਰਖਾ ਮੈਂ ਆਪਣਾ ਕੱਤਾਂ
ਤੰਦ ਤੇਰਿਆਂ ਦੁੱਖਾਂ ਦੇ ਪਾਵਾਂ
ਜਾਂ
ਮਾਹੀਆ ਤੈਨੂੰ ਯਾਦ ਕਰਾਂ
ਵੇ ਮੈਂ ਜਦ ਚਰਖੇ ਵੱਲ ਦੇਖਾਂ

ਸਾਡੀ ਲੋਕ-ਧਾਰਾ ਇਸ ਗੱਲ ਦੀ ਗਵਾਹ ਹੈ ਕਿ ਵਿਆਹ ਵਿੱਚ ਆਪਣੀ ਧੀ ਨੂੰ ਦਾਜ ਵਿੱਚ ਚਰਖਾ ਦੇਣਾ ਬੜੀ ਮਾਣ ਵਾਲੀ ਗੱਲ ਹੁੰਦੀ ਸੀ। ਵਿਆਹ ਦੇ ਮਗਰੋਂ ਸਹੁਰੇ ਘਰ ਵਿੱਚ ਨਵੀਂ ਵਿਆਂਹਦੜ ਕੁੜੀ ਦੇ ਹੱਥੋਂ ਚਰਖੇ-ਮਰੋੜੀ ਜਾਂ ਚਰਖੇ ਗੰਡ ਦੀ ਰਸਮ ਕੀਤੀ ਜਾਂਦੀ ਸੀ। ਸਾਡੇ ਵਿਰਸੇ ਨੇ ਚਰਖਾ ਕੱਤਦੀ ਔਰਤ ਨੂੰ ਸਦਾ ਅਸ਼ੀਰਵਾਦ ਹੀ ਦਿੱਤਾ ਹੈ :

ਘੁੰਮ ਚਰਖੜਿਆ ਸੋਹਣਿਆਂ ਵੇ ਤੇਰੀ ਕੱਤਣ ਵਾਲੀ ਜੀਵੇ
ਕੱਤਣ ਵਾਲੀ ਜੀਵੇ ਲੜੀਆਂ ਵੱਟਣ ਵਾਲੀ ਜੀਵੇ।

ਧਾਰਮਿਕ ਪਰੰਪਰਾ ਵਿੱਚ ਚਰਖੇ ਨੂੰ ਪ੍ਰਤੀਕਾਂ ਵਜੋਂ ਵਰਤਦੇ ਹੋਏ ਚਰਖੇ ਨੂੰ ਜਿਸਮ, ਗੋਹੜਾ ਜਾਂ ਗਲੋਟੇ ਨੂੰ ਪਿਆਰ, ਪੂਣੀ ਨੂੰ ਸਾਹ, ਤਕਲੇ ਨੂੰ ਸਿਦਕ, ਮਾਹਲ ਨੂੰ ਵਿਸ਼ਵਾਸ, ਕੱਤਣਾ ਨੂੰ ਬੰਦਗੀ ਆਦਿ ਰੂਪਾਂ ਵਿੱਚ ਦਰਸਾਇਆ ਹੈ। ਸੂਫੀਆਂ ਨੇ ਚਰਖੇ ਨੂੰ ਕਲਬੂਤ ਜਾਂ ਮਨ ਦੇ ਪ੍ਰਤੀਬਿੰਬਾਂ ਵਜੋਂ ਵਰਤਿਆ :

ਭਲਾ ਹੋਇਆ ਮੇਰਾ ਚਰਖਾ ਟੁੱਟਾ
ਜਿੰਦ ਅਜਾਬੋਂ ਛੁੱਟੀ
ਜਾਂ
ਚਰਖਾ ਬੋਲੇ ਸਾਈਂ ਸਾਈਂ, ਬਾਇੜ ਬੋਲੇ ਤੂੰ
ਕਹੇ ਹੁਸੈਨ ਫਕੀਰ ਸਾਈਂ ਦਾ, ਮੈਂ ਨਾਹੀਂ ਸਭ ਤੂੰ

ਸਾਰੇ ਸੂਫੀ ਕਵੀਆਂ ਨੇ ਚਰਖੇ ਨੂੰ ਜ਼ਰੀਆ ਬਣਾ ਕੇ ਜੀਵਨ ਨੰ ਸਾਧਣ ਦੀ ਗੱਲ ਦ੍ਰਿੜ ਕਰਵਾਈ ਹੈ। ਚਰਖਾ ਅਰਥਾਤ ਸਰੀਰ ਘੁੰਮਦਾ-ਘੁੰਮਦਾ ਪੁਰ-ਾਣਾ ਹੋ ਗਿਆ, ਪਰ ਮਨੁੱਖ ਨੇ ਪਿਆਰ ਅਤੇ ਸਾਧਨਾ ਦੀ ਇੱਕ ਵੀ ਪੂਣੀ ਨਹੀਂ ਕੱਤੀ। ਇਸ ਝੋਰੇ ਨੂੰ ਸਾਈਂ ਬੁੱਲੇ ਸ਼ਾਹ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ :


ਤੂੰ ਸੁੱਤਿਆਂ ਉਮਰ ਵੰਜਾਈ ਏ
ਤੂੰ ਚਰਖੇ ਤੰਦ ਨਾ ਪਾਈ ਏ
ਕੀ ਕਰਸੇਂ ਦਾਜ ਤਿਆਰ ਨਹੀਂ
ਉਠ ਜਾਗ ਘੁਰਾੜੇ ਮਾਰ ਨਹੀਂ

ਪੰਜਾਬੀ ਸਭਿਆਚਾਰ ਅਤੇ ਸਾਹਿਤ ਵਿੱਚ ਚਰਖੇ ਦੇ ਗੀਤਾਂ, ਅਖੌਤਾਂ, ਬੋਲੀਆਂ, ਬੁਝਾਰਤਾਂ ਅਤੇ ਉਦਾਹਰਣਾਂ-ਤਸ਼ਬੀਹਾਂ ਨਾਲ ਲਬਰੇਜ਼ ਹੈ। ਚਰਖਾ ਸਾਡੀ ਅਰਥਵਿਵਸਥਾ ਦਾ ਆਧਾਰ ਰਿਹਾ ਹੈ। ਸਾਡੇ ਜੀਵਨ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਦਾ ਜਿੱਥੇ ਇਹ ਮਹੱਤਵ ਪੂਰਨ ਹਿੱਸਾ ਰਿਹਾ ਹੈ, ਉਥੇ ਵਿਅਕਤੀ ਦੀ ਮਨੋਭਾਵਨਾ ਦਾ ਵੀ ਅਹਿਮ ਤੇ ਗੂੜ੍ਹਾ ਪ੍ਰਤੀਕ ਰਿਹਾ। ਵਕਤ ਨੇ ਅੰਗੜਾਈ ਲਈ ਤੇ ਮਾਡਰਨ ਜ਼ਮਾਨੇ ਦੀ ਭੁੱਖ ਨੇ ਇਸ ਨੂੰ ਡਕਾਰ ਲਿਆ। ਨਵੀਂ ਪੀੜ੍ਹੀ ਨੂੰ ਨਾ ਇਸ ਦੀ ਜ਼ਰੂਰਤ ਰਹੀ ਤੇ ਨਾ ਸ਼ੌਕ। ਜਿਨ੍ਹਾਂ ਨੇ ਆਪਣੇ ਵਿਹੜੇ ਵਿੱਚ ਇਸ ਦੀ ਘੂਕ ਨੂੰ ਸੁਣਿਆ ਹੈ ਤੇ ਇਸ ਦੀ ਗੂੰਜ ਨਾਲ ਇਕਸੁਰ ਹੋਏ ਹਨ, ਉਹ ਅੱਜ ਘਰ ਵਿੱਚ ਪਏ ਖੱਦਰ ਦੇ ਟੁਕੜੇ ਨੂੰ ਦੇਖ ਕੇ ਹਉਕਾ ਜ਼ਰੂਰ ਭਰਦੇ ਹਨ। ਉਨ੍ਹਾਂ ਨੂੰ ਬਜ਼ੁਰਗ ਦਾਦੀਆਂ-ਨਾਨੀਆਂ ਨੇ ਝੁਰੜੀਆਂ ਭਰੇ ਹੱਥ ਪੂਣੀਆਂ ਕੱਤਦੇ ਨਜ਼ਰ ਆਉਂਦੇ ਹਨ। ਜਦੋਂ ਖੱਦਰ ਦੇ ਖੇਸ ਵਿੱਚੋਂ ਇੱਕ ਪੁਰਾਤਨ ਵਿਰਸੇ ਦੀ ਖੁਸ਼ਬੂ ਆਉਂਦੀ ਹੈ ਤਾਂ ਮਨ ਉਦਾਸ ਜਿਹਾ ਹੋ ਜਾਂਦਾ ਹੈ :

ਚਰਖਾ ਇਸ ਕਲਬੂਤ ਦਾ ਭੱਜ ਜਾਣਾ
ਟੁੱਟ ਜਾਣੇ ਦਮਾਂ ਦੇ ਤੰਦ ਬੰਦੇ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਪੰਜਾਬ ਦੀ ਸਿਆਸਤ ਵਿੱਚ ਡੇਰਿਆਂ ਦੀ ਭੂਮਿਕਾ

-ਰਵੀ ਸ਼ੰਕਰ-

ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੁਝ ਦਿਨ ਬਾਕੀ ਰਹਿ ਗਏ ਹਨ। ਅਜਿਹੇ ਵਿੱਚ ਸੂਬੇ ਦੀ ਸਿਆਸੀ ਹਲਚਲ ਦੇ ਦਰਮਿਆਨ ਡੇਰਿਆਂ ਬਾਰੇ ਵੀ ਚਰਚੇ ਤੇਜ਼ ਹਨ। ਇਹੀ ਕਾਰਨ ਹੈ ਕਿ ਚੋਣਾਂ ਦੀ ਤਰੀਕ ਦੇ ਐਲਾਨ ਦੇ ਬਾਅਦ ਤੋਂ ਹੀ ਡੇਰਿਆਂ ਵਿੱਚ ਨੇਤਾਵਾਂ ਨੇ ਵੀ ਆਪਣਾ ਡੇਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਡੇਰਿਆਂ ਦੀ ਹੋਂਦ ਕੋਈ 10-20 ਸਾਲ ਪੁਰਾਣੀ ਗੱਲ ਨਹੀਂ। ਅਸਲ ਵਿੱਚ ਪਹਿਲਾਂ ਡੇਰੇ ਮੁਸਲਮਾਨਾਂ ਅਤੇ ਯੋਗਨਾਥ ਨਾਲ ਸੰਬੰਧ ਰੱਖਦੇ ਸਨ, ਪਰ ਸਿੱਖ ਧਰਮ ਦੀ ਸਥਾਪਨਾ ਪਿੱਛੋਂ ਕੁਝ ਸਿੱਖ ਤੇ ਗੈਰ ਸਿੱਖ ਡੇਰੇ ਵੀ ਹੋਂਦ ਵਿੱਚ ਆਏ। ਅੱਜ ਪੰਜਾਬ ਵਿੱਚ ਅਣਗਿਣਤ ਡੇਰੇ ਹਨ, ਜਿਨ੍ਹਾਂ ਵਿੱਚੋਂ ਡੇਰਾ ਸੱਚਾ ਸੌਦਾ, ਡੇਰਾ ਰਾਧਾ ਸੁਆਮੀ ਬਿਆਸ, ਨਿਰੰਕਾਰੀ ਮਿਸ਼ਨ ਤੇ ਦਿਵਿਆ ਜਯੋਤੀ ਸੰਗਠਨ ਪ੍ਰਮੁੱਖ ਮੰਨੇ ਜਾਂਦੇ ਹਨ। ਇਨ੍ਹਾਂ ਡੇਰਿਆਂ ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ-ਕਰੋੜਾਂ ਵਿੱਚ ਹੈ। ਇਹੀ ਕਾਰਨ ਹੈ ਕਿ ਇੱਥੋਂ ਦੀ ਸਿਆਸਤ ਵਿੱਚ ਡੇਰਿਆਂ ਦਾ ਅਹਿਮ ਸਥਾਨ ਹੈ ਅਤੇ ਚੋਣਾਂ ਤੋਂ ਪਹਿਲਾਂ ਸਭ ਸਿਆਸੀ ਪਾਰਟੀਆਂ ਡੇਰਾ ਮੁਖੀਆਂ ਨਾਲ ਨੇੜਤਾ ਵਧਾਉਣ ਲੱਗ ਜਾਂਦੀਆਂ ਹਨ ਅਤੇ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਇਨ੍ਹਾਂ ਦਾ ਸਮਰਥਨ ਮੰਗਦੀਆਂ ਹਨ।

ਇਹ ਸਿਆਸੀ ਆਗੂ ਇਨ੍ਹਾਂ ਡੇਰਾ ਮੁਖੀਆਂ ਨਾਲ ਕਿਉਂ ਮਿਲਦੇ ਹਨ, ਕਿਸੇ ਤੋਂ ਲੁਕਿਆ ਨਹੀਂ। ਪੰਜਾਬ ਚੋਣਾਂ ਵਿੱਚ ਡੇਰੇ ਕਿਸ ਹੱਦ ਤੱਕ ਪ੍ਰਭਾਵੀ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਇਨ੍ਹਾਂ ਦੀ ਗਿਣਤੀ ਤੋਂ ਲਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਨੇਤਾਵਾਂ, ਪਾਰਟੀਆਂ ਤੇ ਜਾਤੀ ਆਧਾਰਤ ਸਮੀਕਰਨ ਦੇ ਨਾਲ-ਨਾਲ ਡੇਰੇ ਵੱਡੀ ਭੂਮਿਕਾ ਨਿਭਾਉਂਦੇ ਹਨ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਪੰਜਾਬ ਵਿੱਚ ਸਿਆਸੀ ਪਾਰਟੀਆਂ ਤੇ ਡੇਰੇ ਇੱਕ ਦੂਸਰੇ ਦੀ ਲੋੜ ਹਨ। ਡੇਰਿਆਂ ਦੇ ਮੁਖੀ ਸਿਆਸੀ ਪਾਰਟੀਆਂ ਦੀ ਵਰਤੋਂ ਆਪਣੇ 'ਭਗਤਾਂ' ਦੀ ਗਿਣਤੀ ਵਧਾਉਣ ਲਈ ਕਰਦੇ ਹਨ ਤਾਂ ਸਿਆਸੀ ਆਗੂ ਇਨ੍ਹਾਂ ਡੇਰਿਆਂ ਦੇ ਦਰਾਂ ਉੱਤੇ ਇਸ ਲਈ ਜਾਂਦੇ ਹਨ ਕਿ ਇਨ੍ਹਾਂ ਦੇ ਲੱਖਾਂ ਪੈਰੋਕਾਰਾਂ ਦੀਆਂ ਇਕੱਠੀਆਂ ਵੋਟਾਂ ਮਿਲਣ ਸਕਣ। ਪੰਜਾਬ ਵਿੱਚ ਇਨ੍ਹਾਂ ਡੇਰਿਆਂ ਦਾ ਦਖਲ ਸਿਰਫ ਧਾਰਮਿਕ ਸਰਗਰਮੀਆਂ ਤੱਕ ਨਹੀਂ ਹੈ, ਸਗੋਂ ਸਿਆਸਤ ਵਿੱਚ ਵੀ ਇਨ੍ਹਾਂ ਦੀ ਸਰਗਰਮ ਭੂਮਿਕਾ ਹੈ।

ਪੰਜਾਬ ਵਿੱਚ ਇਸ ਵਕਤ ਸਾਰੇ ਵਰਗਾਂ ਦੇ 12000 ਤੋਂ ਵੱਧ ਡੇਰੇ ਹਨ। ਸਿੱਖ ਧਰਮ ਨਾਲ ਜੁੜੇ 9000 ਡੇਰੇ ਹਨ। ਇਨ੍ਹਾਂ ਵਿੱਚੋਂ 300 ਡੇਰੇ ਕਾਫੀ ਮਜ਼ਬੂਤ ਹਨ, ਜੋ ਪੰਜਾਬ ਦੇ ਨਾਲ ਹਰਿਆਣੇ ਵਿੱਚ ਵੀ ਸਰਗਰਮ ਹਨ। ਇਨ੍ਹਾਂ ਵਿੱਚੋਂ ਲਗਭਗ 12 ਅਜਿਹੇ ਹੋਣਗੇ, ਜਿਨ੍ਹਾਂ ਦੇ ਇੱਕ ਲੱਖ ਤੋਂ ਵੱਧ ਭਗਤ ਹਨ, ਜੋ ਸਿੱਧੇ ਤੌਰ ਉੱਤੇ ਚੋਣਾਂ ਨੂੰ ਪ੍ਰਭਾਵਤ ਕਰਦੇ ਹਨ। ਇਨ੍ਹਾਂ ਸਾਰੇ ਡੇਰਿਆਂ ਦੀਆਂ ਸ਼ਾਖਾਵਾਂ ਪੰਜਾਬ ਦੇ ਹਰ ਜ਼ਿਲੇ ਵਿੱਚ ਫੈਲੀਆਂ ਹਨ। ਕੁਝ ਡੇਰੇ ਅਜਿਹੇ ਹਨ, ਜੋ ਦੂਸਰੇ ਸੂਬਿਆਂ ਵਿੱਚ ਵੀ ਹਨ। ਇਹ ਡੇਰੇ ਪੰਜਾਬ ਵਿਧਾਨ ਸਭਾ ਦੀਆਂ 117 ਵਿੱਚੋਂ 93 ਸੀਟਾਂ ਨੂੰ ਪ੍ਰਭਾਵਤ ਕਰਦੇ ਹਨ। 47 ਸੀਟਾਂ ਅਜਿਹੀਆਂ ਹਨ, ਜਿੱਥੇ ਡੇਰੇ ਚੋਣ ਦ੍ਰਿਸ਼ ਨੂੰ ਬਦਲ ਸਕਦੇ ਹਨ। 46 ਸੀਟਾਂ ਉੱਤੇ ਡੇਰੇ ਪੋਲਿੰਗ ਵਿੱਚ ਵੱਡਾ ਫਰਕ ਪਾਉਣ ਦੇ ਸਮਰੱਥ ਹਨ। ਪੰਜਾਬ ਵਿੱਚ 2.12 ਕਰੋੜ ਵੋਟਰਾਂ ਵਿੱਚੋਂ 25 ਫੀਸਦੀ ਡੇਰੇ ਨਾਲ ਜੁੜੇ ਹਨ। ਬੇਸ਼ੱਕ ਡੇਰੇ ਸਿਆਸਤ ਵਿੱਚ ਸਿੱਧੇ ਤੌਰ ਉੱਤੇ ਸਰਗਰਮ ਨਹੀਂ, ਪਰ ਡੇਰੇ ਦਾ ਝੁਕਾਅ ਜਿਸ ਵੱਲ ਹੋਵੇ, ਉਸ ਪਾਰਟੀ ਲਈ ਜਿੱਤ ਦਾ ਗਣਿਤ ਸੌਖਾ ਹੋ ਸਕਦਾ ਹੈ। ਇਸ ਲਈ ਡੇਰੇ ਨੂੰ ਸਾਧਣਾ ਹਰ ਪਾਰਟੀ ਦੀ ਕੋਸ਼ਿਸ਼ ਰਹਿੰਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ ਡੇਰਾ ਸੱਚਾ ਸੌਦਾ ਦੀਆਂ ਸਰਗਰਮੀਆਂ ਵਧੀਆਂ ਹਨ। ਇੱਕ ਪਾਸੇ ਗੁਰਮੀਤ ਰਾਮ ਰਹੀਮ ਦੋ ਔਰਤ ਪੈਰੋਕਾਰਾਂ ਦੇ ਬਲਾਤਕਾਰ ਦੇ ਕੇਸ ਵਿੱਚ 20 ਸਾਲ ਅਤੇ ਪੱਤਰਕਾਰ ਤੇ ਹੋਰ ਪੈਰੋਕਾਰ ਦੀ ਹੱਤਿਆ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ ਅਤੇ ਦੂਜੇ ਪਾਸੇ ਪੰਜਾਬ ਵਿੱਚ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿੱਚ ਡੇਰਾ ਸੱਚਾ ਸੌਦਾ ਦੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਦੀਆਂ ਪੰਜਾਬ ਵਿਧਾਨ ਸਭਾ ਵਿੱਚ ਸਿਆਸੀ ਪਾਰਟੀਆਂ ਡੇਰਾ ਸੱਚਾ ਸੌਦਾ ਦਾ ਸਮਰਥਨ ਤਾਂ ਚਾਹੁਣਗੀਆਂ, ਪਰ ਨਾਲ ਚਾਹੁਣਗੀਆਂ ਕਿ ਅਜਿਹਾ ਖੁੱਲ੍ਹ ਕੇ ਨਾ ਹੋਵੇ।

ਡੇਰਿਆਂ ਦੀ ਪੰਜਾਬ ਦੀ ਸਮਾਜਕ ਜ਼ਿੰਦਗੀ ਵਿੱਚ ਮਹੱਤਵ ਪੂਰਨ ਭੂਮਿਕਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਦਲਿਤ ਵੋਟਾਂ ਉੱਤੇ ਮਜ਼ਬੂਤ ਪਕੜ ਰੱਖਦੇ ਹਨ। ਸੂਬੇ ਦੇ ਲਗਭਗ ਹਰ ਪਿੰਡ ਵਿੱਚ ਡੇਰੇ ਹਨ। ਇਹ ਨਾ ਸਿਰਫ ਪੰਜਾਬ ਦੀ ਧਾਰਮਿਕ ਤੇ ਸਭਿਆਚਾਰਕ ਜ਼ਿੰਦਗੀ ਵਿੱਚ ਮਹੱਤਵ ਪੂਰਨ ਭੂਮਿਕਾ ਰੱਖਦੇ ਹਨ, ਸਗੋਂ ਸੂਬੇ ਦੇ ਤਿੰਨ ਇਲਾਕੇ ਮਾਝਾ, ਮਾਲਵਾ ਅਤੇ ਦੋਆਬਾ ਦੀ ਸਿਆਸਤ ਵਿੱਚ ਵੀ ਉਨ੍ਹਾਂ ਦਾ ਅਸਰ ਹੈ। ਸੂਬੇ ਵਿੱਚ ਪੀੜ੍ਹੀਆਂ ਤੋਂ ਜਾਤੀ ਆਧਾਰਤ ਵਿਤਕਰਾ ਅਤੇ ਜ਼ੁਲਮਾਂ ਦਾ ਸਾਹ-ਮਣਾ ਕਰ ਰਹੇ ਅਣਡਿੱਠ ਕੀਤੇ ਦਲਿਤ ਭਾਈਚਾਰੇ ਲਈ ਇਹ ਡੇਰੇ, ਇੱਕ ਬਦਲਵੀਂ ਸਮਾਜਕ ਸਭਿਆਚਾਰਕ ਸਪੇਸ ਦੇਣ ਵਾਲੀ ਥਾਂ ਦੇ ਤੌਰ ਉੱਤੇ ਉਭਰੇ ਹਨ।

ਪੰਜਾਬ ਵਿੱਚ ਦਲਿਤਾਂ ਦੀ ਆਬਾਦੀ ਕੁੱਲ ਆਬਾਦੀ ਦਾ 32 ਫੀਸਦੀ ਹੈ, ਜੋ ਕਿਸੇ ਵੀ ਸੂਬੇ ਵਿੱਚ ਸਭ ਤੋਂ ਵੱਧ ਹੈ, ਪਰ ਉਨ੍ਹਾਂ ਦੀ ਆਰਥਿਕ ਹਾਲਤ ਵੱਧ ਚੰਗੀ ਨਹੀਂ। ਵੱਡੀ ਗਿਣਤੀ ਵਿੱਚ ਦਲਿਤ ਮਜ਼ਦੂਰ ਹਨ। ਅਜਿਹੇ ਸਮਾਜਕ ਤਾਣੇ-ਬਾਣੇ ਵਿੱਚ ਪੰਜਾਬ ਵਿੱਚ ਡੇਰਿਆਂ ਨੂੰ ਦਲਿਤ ਚੇਤਨਾ ਨੂੰ ਪੈਦਾ ਕਰਨ ਦਾ ਕੰਮ ਕੀਤਾ ਹੈ। ਇਹ ਕਹਿਣਾ ਔਖਾ ਹੈ ਕਿ ਉਹ ਆਪਣੀ ਸਿਆਸੀ ਹਾਜ਼ਰੀ ਕਿਵੇਂ ਦਿਖਾਉਣਗੇ, ਕਿਉਂਕਿ ਉਨ੍ਹਾ ਦਾ ਦਾਅਵਾ ਹੈ ਕਿ ਉਹ ਕਿਸੇ ਸਿਆਸੀ ਧਿਰ ਨਾਲ ਜੁੜੇ ਹੋਏ ਨਹੀਂ। ਉਨ੍ਹਾਂ ਦੇ ਇਸੇ ਦਾਅਵੇ ਦੀ ਥਾਂ ਸੱਚਾਈ ਇਹ ਹੈ ਕਿ ਇਨ੍ਹਾਂ ਡੇਰਿਆਂ ਦੇ ਪਿੱਛੇ ਉਨ੍ਹਾਂ ਦੇ ਮੰਨਣ ਵਲਿਆਂ ਦੀ ਵੱਡੀ ਗਿਣਤੀ ਹੈ ਅਤੇ ਡੇਰਿਆਂ ਦੇ ਮੁਖੀ, ਸਿਆਸੀ ਸੱਤਾ ਦੀ ਦਿਸ਼ਾ ਮੋੜਨੇ ਦੀ ਤਾਕਤ ਰੱਖਦੇ ਹਨ।

ਸਿਆਸੀ ਪਾਰਟੀਆਂ ਵੱਲ ਡੇਰਿਆਂ ਦੀ ਸੋਚ ਸਮੇਂ-ਸਮੇਂ ਉੱਤੇ ਬਦਲਦੀ ਰਹੀ ਹੈ। ਸੂਬੇ ਦੀਆਂ ਅੱਜ ਤੱਕ ਦੀਆਂ ਦੋ ਸਭ ਤੋਂ ਵੱਡੀਆਂ ਪਾਰਟੀਆਂ, ਭਾਵੇਂ ਕਾਂਗਰਸ ਹੋਵੇ ਜਾਂ ਅਕਾਲੀ ਦਲ, ਨੇ ਡੇਰੇ ਦਾ ਸਮਰਥਨ ਲਿਆ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ਾਇਦ ਹੀ ਕੋਈ ਨੇਤਾ ਹੋਵੇ ਜੋ ਆਪਣੀ ਪਾਰਟੀ ਲਈ ਸਮਰਥਨ ਲੈਣ ਲਈ ਇਨ੍ਹਾਂ ਡੇਰਿਆਂ ਵਿੱਚ ਨਾ ਗਿਆ ਹੋਵੇ। ਇੱਕ ਵਾਰ ਫਿਰ ਪੰਜਾਬ ਦੀ ਸਿਆਸਤ ਵਿੱਚ ਧਾਰਮਿਕ ਡੇਰਿਆਂ ਦੇ ਅਸਰ ਨੂੰ ਦੇਖਦੇ ਹੋਏ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਇਨ੍ਹਾਂ ਧਾਰਮਿਕ ਡੇਰਿਆਂ ਉੱਤੇ ਹਾਜ਼ਰੀ ਲਾ ਰਹੀਆਂ ਹਨ। ਡੇਰਿਆਂ ਦੀ ਸਥਿਤੀ ਇਹ ਹੈ ਕਿ ਇੱਕ ਪਾਰਟੀ ਦੇ ਨੇਤਾ ਮੱਥਾ ਟੇਕ ਕੇ ਅਸ਼ੀਰਵਾਦ ਲੈ ਕੇ ਨਿਕਲਦੇ ਹਨ ਤਾਂ ਦੂਸਰੀ ਪਾਰਟੀ ਦੇ ਨੇਤਾ ਪਿੱਛੇ ਲੱਗੇ ਹੋਏ ਹਨ। ਸੂਬੇ ਦੀ ਸਿਆਸਤ ਵਿੱਚ ਡੇਰਿਆਂ ਦਾ ਕਿੰਨਾ ਦਖਲ ਹੈ, ਇਸ ਗੱਲ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਪੰਜਾਬ ਦੇ ਸੀ ਐਮ ਚੰਨੀ ਅਤੇ ਸੁਖਬੀਰ ਬਾਦਲ ਡੇਰਿਆਂ ਉੱਤੇ ਲਗਾਤਾਰ ਨਤਮਸਤਕ ਹੋ ਰਹੇ ਹਨ।

ਦੂਜੇ ਪਾਸੇ ਪੰਜਾਬ ਚੋਣਾਂ ਤੋਂ ਕੁਝ ਦਿਨ ਪਹਿਲਾਂ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਤੋਂ ਪੈਰੋਲ ਉੱਤੇ ਛੱਡ ਦਿੱਤਾ ਹੈ। ਕੁੱਲ ਮਿਲਾ ਕੇ ਡੇਰਿਆਂ ਨੂੰ ਸਾਧਣ ਲਈ ਪੰਜਾਬ ਦੀਆਂ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ ਹਨ। ਦੇਖਣ ਵਾਲੀ ਗੱਲ ਇਹ ਹੋਵੇਗਾ ਕਿ ਕਿਹੜੀ ਪਾਰਟੀ ਡੇਰਿਆਂ ਨੂੰ ਸਾਧ ਪਾਉਂਦੀ ਹੈ।

## ਯੂਕਰੇਨ-ਰੂਸ ਸਮੱਸਿਆ

# ਸਾਮਰਾਜੀ-ਅਮਰੀਕਾ ਹੱਥ ਪਿੱਛੇ ਕਰੇ !!

ਪੱਛਮੀ ਮੀਡੀਆ ਰਾਹੀਂ ਦੁਨੀਆਂ ਅੰਦਰ ਅੱਜ ਇਹ ਡਰ ਫੈਲਾਇਆ ਜਾ ਰਿਹਾ ਹੈ ਕਿ ਰੂਸੀ ਫੌਜਾਂ ਨੇ ਯੂਕਰੇਨ ਨੂੰ ਘੇਰਾ ਪਾਇਆ ਹੋਇਆ ਹੈ।ਵਲਾਦੀਮੀਰ ਪੂਤਿਨ ਦਾ ਇਰਾਦਾ ਪੱਕਾ ਹੈ, ਇਸ ਲਈ ਰੂਸ ਯੂਕਰੇਨ 'ਤੇ ਹਮਲਾ ਕਰੇਗਾ।ਸਾਰੇ ਯੂਰਪ ਅੰਦਰ ਜੰਗ ਲੱਗਣ ਦੀਆਂ ਅਫ਼ਵਾਹਾਂ ਨੂੰ ਪੂਰੀ ਤੂਲ ਦਿੱਤੀ ਜਾ ਰਹੀ ਹੈ।ਰੂਸੀ ਫੌਜਾਂ ਦੀਆਂ ਯੂਕਰੇਨ ਦੀਆਂ ਸਰਹੱਦਾਂ 'ਤੇ ਤਾਇਨਾਤੀ ਦੀਆਂ ਫੋਟੋ ਅਖ਼ਬਾਰ ਦੇ ਪਹਿਲੇ ਪੰਨਿਆਂ 'ਤੇ ਲਾਈਆਂ ਜਾ ਰਹੀਆਂ ਹਨ। ਯੂਕਰੇਨ ਦੀ ਰਾਜਧਾਨੀ ''ਕੀਵ'' ਵਿਖੇ ਬਜ਼ਾਰਾਂ, ਸੜਕਾਂ, ਸਕੂਲਾਂ ਅਤੇ ਆਮ ਥਾਵਾਂ 'ਤੇ ਸਿਵਲ ਜੰਗੀ ਮਸ਼ਕਾਂ ਹੁੰਦੀਆਂ ਦਿਖਾਈਆਂ ਜਾ ਰਹੀਆਂ ਹਨ। ਸਾਰੇ ਯੂਰਪ ਅੰਦਰ ਖਾਸ ਕਰਕੇ ਪੱਛਮੀ ਯੂਰਪੀ ਦੇਸ਼ਾਂ,'ਜਿਨਾਂ ਦੀ ਅਗਵਾਨੀ ਨਾਟੋ-ਗਠਜੋੜ ਕਰ ਰਿਹਾ ਹੈ, ਰੂਸ ਵਿਰੁੱਧ ਯੂਕਰੇਨ ਨੂੰ ਹਰ ਤਰ੍ਹਾਂ ਦੀ ਫੌਜੀ ਸਹਾਇਤਾ ਦੇਣ ਲਈ ਉਕਸਾਇਆ ਜਾ ਰਿਹਾ ਹੈ। ਪਰ ਜਰਮਨੀ ਨੇ ਪੂਰੀ ਸੰਜਮ ਤੋਂ ਕੰਮ ਲੈਂਦਿਆਂ ਚੁੱਪੀ ਧਾਰੀ ਹੋਈ ਹੈ। ਜਰਮਨੀ ਦੇਸ਼ ਅਮਰੀਕਾ ਤੇ ਰੂਸ ਤੋਂ ਬਾਦ ਦੁਨੀਆ ਅੰਦਰ ਸਭ ਤੋਂ ਵੱਧ ਹਥਿਆਰ ਸਪਲਾਈ ਕਰਨ ਵਾਲਾ ਦੇਸ਼ ਹੈ। ਸਗੋਂ ਜਰਮਨੀ ਦੇ ਚਾਂਸਲਰ ਸਕੋਲਜ਼ ਨੇ ਕਿਹਾ ਕਿ ਅੰਜੇਲਾ ਮਾਰਕਲ ਅਤੇ ਫਰਾਂਸੀਸੀ ਹਮ-ਰੁਤਬਾ ਏਮਾਨੂਏਲ, ਮਾਰਕੋਨ ਦੋਨਾਂ ਨੇ ਕਿਹਾ ਕਿ ਰੂਸ-ਯੂਕਰੇਨ ਵੱਲੋ, 'ਯੂਕਰੇਨ ਦੇ ਪੂਰਬੀ ਝਗੜੇ ਨੂੰ ਗਲਬਾਤ ਰਾਹੀਂ ਹਲ ਕਰਨਾ ਚਾਹੀਦਾ ਹੈ। ਇਹ ਸਾਮਰਾਜੀ ਅਮਰੀਕਾ ਤੇ ਉਸ ਦਾ ''ਨਾਟੋ'' ਲਾਣਾ ਹੀ ਹੈ ਜਿਹੜਾ ਰੂਸ ਨੂੰ ਯੂਰਪ ਅੰਦਰ ਘੇਰਨ ਲਈ ਮਨਸੂਬੇ ਰਚ ਰਿਹਾ ਹੈ ਅਤੇ ਉਸ ਨੂੰ ਜੰਗਬਾਜ਼ ਦਸ ਕੇ ਬਦਨਾਮ ਕਰ ਰਿਹਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਈ ਬਾਈਡਨ ਦੇ ਹੁਕਮਾਂ ਤੋਂ ਰੂਸ ਨੂੰ ਘੇਰਨ ਲਈ ਆਪਣੇ ਭਾਈਵਾਲ ''ਨਾਟੋ-ਦੇਸ਼ਾਂ'' ਅੰਦਰ ਫੋਰਟ-ਬਰਾਗ, ਉਤਰੀ ਕਰੋਲੀਨਾ, ਪੋਲੈਂਡ, ਜਰਮਨੀ ਤੇ ਰੋਮਾਨੀਆਂ ਅੰਦਰ ਹਜ਼ਾਰਾਂ ਫੌਜੀ ਭੇਜੇ ਗਏ ਹਨ। ਇਹ ਪਹਿਲ ਕਦਮੀ ਯੂਰਪ ਅੰਦਰ ਰੂਸ ਵਿਰੁਧ ਇਕ ਜੰਗੀ ਭੜਕਾਊ ਕਾਰਵਾਈ ਹੈ। ਪੈਂਟਾਗਨ ਦਾ ਕਹਿਣਾ ਹੈ,'ਕਿ ਉਹ ਹੋਰ 8500-ਫੌਜ ਯੂਰਪ ਅੰਦਰ ਭੇਜ ਰਿਹਾ ਹੈ। ਜੇਕਰ ਲੋੜ ਪਈ ਤਾਂ ਹੋਰ ਫੌਜੀ ਵੀ ਭੇਜੇਗਾ ? ਮਾਹਰਾਂ ਅਨੁਸਾਰ ਅਮਰੀਕਾ ਦੇ ਇਹ ਕਦਮ ਰੂਸ-ਯੂਕਰੇਨ ਅੰਦਰ ਪੈਦਾ ਹੋਏ ਤਨਾਅ ਨੂੰ ਘੱਟ ਕਰਨ ਦੀ ਥਾਂ ਸਗੋਂ ਰੂਸ ਵਿਰੁਧ ਜੰਗੀ ਧਮਕੀਆਂ ਲੱਗਦੇ ਹਨ ? 1991 ਨੂੰ ਯੂ.ਐਸ.ਐਸ.ਆਰ. (ਸੋਵੀਅਤ ਰੂਸ) ਦੇ ਟੁੱਟਣ ਬਾਦ 15-ਦੇਸ਼ ਜੋ ਸੋਵੀਅਤ ਰੂਸ ਦਾ ਹਿੱਸਾ ਸਨ, 'ਉਨ੍ਹਾਂ ਵਿਚੋਂ ਇਕ ਯੂਕਰੇਨ ਵੀ ਸੀ। ਯੂਕਰੇਨ ਥਾਂਣੀ 35% ਗੈਸ ਜੋ ਯੂਰਪੀ ਦੇਸ਼ਾਂ (ਪੂਰਬੀ ਤੇ ਪੱਛਮੀ ਯੂਰਪ) ਨੂੰ ਰੂਸ ਭੇਜਦਾ ਹੈ, ਵਿਚੋਂ ਗੁਜ਼ਰਦੀ ਹੈ। ਇਸੇ ਤਰ੍ਹਾਂ ਨੋਰਡ-ਸਟਰੀਮ ਤੇ ਨਵੀਂ ਨੋਰਡ-ਸਟਰੀਮ-2 ਗੈਸ ਜੋ ਉੱਤਰ ਵੱਲੋਂ ਰੂਸ ਬਾਲਟਿਕ-ਸਾਗਰ ਥਾਂਣੀ ਭੇਜਦਾ ਹੈ, ਉਹ ਜਰਮਨੀ, ਪੁੱਜਦੀ ਹੈ ਜੋ ਸਾਰੇ ਯੂਰਪ ਨੂੰ ਇਹ ਗੈਸ ਸਪਲਾਈ ਹੁੰਦੀ ਹੈ। ਜਿਥੇ ਇਹ ਯੂਰਪੀ ਲੋਕਾਂ ਲਈ ਲਾਈਫ਼ ਲਾਈਨ ਹੈ, ਉਥੇ ਰੂਸ ਦੀ ਆਰਥਿਕਤਾ ਲਈ ਇਕ ਵੱਡਾ ਸਰੋਤ ਬਣਦਾ ਹੈ। ਜੇਕਰ ਜੰਗ ਲੱਗਦੀ ਹੈ ਤਾਂ ਇਸ ਦੀ ਸਭ ਤੋਂ ਵੱਧ ਠੰਡੀ ਮਾਰ ਯੂਰਪ ਦੇ ਲੋਕਾਂ ਨੂੰ ਲੱਗੇਗੀ ਜਦੋਂ ਇਹ ਗੈਸ ਸਪਲਾਈ ਬੰਦ ਹੋ ਗਈ ? ਸਵਾਲ ਪੈਦਾ ਹੁੰਦਾ ਹੈ ਕਿ ਕੀ ਰੂਸ ਤੇ ਯੂਕਰੇਨ ਜੰਗ ਚਾਹੁੰਦੇ ਹਨ ?

ਯੂਕਰੇਨ ਸਾਬਕਾ ਸੋਵੀਅਤ ਰੂਸ ਦਾ ਇਕ ਹਿਸਾ ਰਿਹਾ ਹੈ। ਪਹਿਲਾ ਵੀ 13-ਅਪ੍ਰੈਲ, 2014 ਨੂੰ ਯੂਕਰੇਨ ਅੰਦਰ ਵਿਦਰੋਹੀ ਹਥਿਆਰ ਬੰਦ ਲੋਕਾਂ ਅਤੇ ਸੁਰੱਖਿਆ ਅਮਲੇ ਵਿਚਕਾਰ ''ਸਲੋਵੀਅੰਸਕ'' ਕਸਬੇ ਦੇ ਲਾਗੇ ਝੜਪਾਂ ਹੋਈਆਂ ਸਨ ਤੇ 13,000 ਤੋਂ ਵੱਧ ਲੋਕ ਮਾਰੇ ਗਏ ਸਨ। ਅੱਜ ਦੇ ਯੂਕਰੇਨ ਨੂੰ ਸਮਝਣ ਲਈ 1917 ਵਲ ਪਿਛੇ ਜਾਣਾ ਪਏਗਾ। ਫਰਵਰੀ-1917 ਨੂੰ ਰੂਸੀ ਇਨਕਲਾਬ ਬਾਦ ਯੂਰਪ ਦੇ ਪੂਰਬ ਵੱਲ ਵੱਸਦੇ ਇਸ ਦੇਸ਼ ਨੇ ਕੀਵ ਵਿਖੇ ਆਪਣੀ ਕੌਮੀ ਕਾਂਗਰਸ ਅੰਦਰ ਜੋ ਸਮਾਜਵਾਦੀ ਸੋਚ ਨੂੰ ਪ੍ਰਣਾਈ ਹੋਈ ਸੀ, ਨੇ ਆਪਣੇ ਆਪ ਨੂੰ ਖੁਦ ਮੁਖਤਾਰ ਲੋਕਰਾਜੀ ਸਰਕਾਰ ਵੱਜੋ ਸਥਾਪਤ ਕਰਕੇ 22-ਜਨਵਰੀ,1918 ਨੂੰ ਰਿਸ਼ੀਅਨ ਰਿਪਬਲਿਕ ਤੋਂ ਅਜ਼ਾਦ ਹੋਣ ਦਾ ਐਲਾਨ ਕੀਤਾ ਸੀ। ਮਹਾਨ ਅਕਤੂਬਰ ਇਨਕਲਾਬ ਦੇ ਬਾਦ ਕੀਵ ਅੰਦਰ ਕਈ ਸਰਕਾਰਾਂ ਹੋਂਦ ਵਿੱਚ ਆਈਆਂ। ਅਖਰੀ ''ਰੀਗਾ ਅਮਨ ਸੰਧੀ'' ਬਾਦ ''ਬਾਲਸ਼ਵਿਕ'' ਜਿਤ ਨੇ, 'ਯੂਕਰੇਨ-ਲੋਕਰਾਜੀ ਦੇਸ਼ ਨੂੰ ਯੂਕਰੇਨੀਅਨ -ਸੋਵੀਅਤ ਸੋਸਾਲਿਸਟ ਰਿਪਬਲਿਕ ਵੱਜੋਂ 1922 ਨੂੰ ਸੋਵੀਅਤ ਯੂਨੀਅਨ ਦਾ ਮੈਂਬਰ ਤਸਲੀਮ ਕਰ ਲਿਆ ਗਿਆ। ਜੋ 1991 ਨੂੰ ਸੋਵੀਅਤ ਯੂਨੀਅਨ ਦੇ ਟੁੱਟਣ ਬਾਦ ਵੱਖ ਦੇਸ਼ ਬਣ ਗਿਆ। 1992 ਨੂੰ ਯੂਕਰੇਨ ਨਾਟੋ ਵਿੱਚ ਸ਼ਾਮਲ ਹੋਕੇ ਯੂਰੋ-ਐਟਲਾਟਿਕ ਪਾਰਟਨਰਸ਼ਿਪ ਕੌਂਸਿਲ ਨਾਲ ਮਿਲ ਗਿਆ। ਯੂਕਰੇਨ ਇਸ ਖਿਤੇ ਦੇ 12-ਦੇਸ਼ਾਂ 'ਚ ਅਮਨ ਵਜੋਂ 11-ਵੀਂ ਥਾਂ 'ਤੇ, ਇਸ ਦੀ ਵਿਕਾਸ ਦਰ 3.2-ਫੀਸਦ (2020) ਭਾਵ ਇਹ ਹੁਣ ਗਰੀਬ ਦੇਸ਼ ਹੈ, ਪਰ ਭਾਰਤ ਨਾਲੋ ਅਮੀਰ ਹੈ। ਯੂਕਰੇਨ ਸਟੀਲ, ਕੋਲ, ਪੈਟਰੋਲੀਅਮ, ਮਸ਼ੀਨਰੀ, ਅਨਾਜ-ਕਣਕ, ਮੱਕੀ, ਜੌਂਅ ਬਾਹਰ ਭੇਜਦਾ ਹੈ। 35-ਫੀਸਦ ਯੂਰਪ ਨੂੰ ਗੈਸ ਦੀਆਂ ਲੋੜਾਂ ਜੋ ਰੂਸ ਹੀ ਪੂਰੀਆਂ ਕਰ ਰਿਹਾ ਹੈ, ਉਹ ਯੂਕਰੇਨ ਤੇ ਬਾਲਟਿਕ ਸਮੁੰਦਰ ਥਾਣੀਂ ਜਾਂਦੀ ਹੈ।

ਯੂਕਰੇਨ ਰੂਸ ਦੇ ਬਾਦ ਯੂਰਪ ਅੰਦਰ ਦੂਜਾ ਵੱਡਾ ਦੇਸ਼ ਹੈ। ਇਸ ਦਾ ਰਕਬਾ 6,03,628 ਵਰਗ ਕਿਲੋਮੀਟਰ ਤੇ ਆਬਾਦੀ 41.3 ਮਿਲੀਅਨ ਤੇ ਰਾਜਧਾਨੀ ਕੀਵ ਹੈ। ਯੂਕਰੇਨ ਨੇ ਆਪਣੇ ਆਪ ਨੂੰ 23-ਜੂਨ, 1917 ਨੂੰ ਲੋਕਰਾਜੀ ਦੇਸ਼ ਐਲਾਨਿਆ ਸੀ ਤੇ ਦੂਸਰੀ ਸੰਸਾਰ ਜੰਗ ਬਾਦ ਯੂਕਰੇਨੀਅਨ-ਸੋਵੀਅਤ ਸਮਾਜਵਾਦੀ ਗਣਤੰਤਰ ਵਜੋ ਸੋਵੀਅਤ ਰੂਸ ਦਾ ਇਕ ਹਿੱਸਾ ਬਣ ਗਿਆ ਸੀ। 1991 ਨੂੰ ਸੋਵੀਅਤ ਰੂਸ ਦੇ ਟੁੱਟਣ ਬਾਦ ਯੂਕਰੇਨ ਆਜ਼ਾਦ ਦੇਸ਼ ਬਣ ਗਿਆ ਸੀ। ਕੁਝ ਸਮਾਂ ਰੂਸ ਦੀ ਸੀ.ਆਈ.ਐਸ.ਨਾਲ ਜੁੜਿਆ ਰਿਹਾ ਤੇ ਫਿਰ ਇਸ ਨੇ ਨਾਟੋ ਨਲ ਨੇੜਤਾ ਬਣਾ ਲਈ ਤੇ ਪੱਛਮੀ ਧਿਰਾਂ ਨਾਲ ਸਬੰਧ ਜੋੜ ਲਏ। ਯੂਕਰੇਨ ਵਿਕਾਸਸ਼ੀਨ ਦੇਸ਼ ਹੈ ਤੇ ਮਨੁੱਖੀ ਵਿਕਾਸ ਇੰਡੈਕਸ 'ਚ ਇਸ ਦਾ 74-ਵਾਂ ਨੰਬਰ ਹੈ। ਅਨਾਜ ਪੈਦਾ ਕਰਨ ਵਾਲਾ ਦੇਸ਼ ਹੈ ਜੋ ਫੌਜੀ ਸ਼ਕਤੀ ਵੱਜੋ ਯੂਰਪ ਅੰਦਰ ਰੂਸ ਤੇ ਫਰਾਂਸ ਬਾਦ ਤੀਸਰੀ ਥਾਂ 'ਤੇ ਹੈ ਜੋ ਜੂਨੀਟਰੀ ਰਿਪਬਲਿਕ ਅਰਥ-ਰਾਸ਼ਟਰਪਤੀ ਸਿਸਟਮ ਵਾਲਾ ਦੇਸ਼ ਹੈ। ਯੂਕਰੇਨੀਅਨ ਭਾਸ਼ਾ ਵਾਲੇ 77.8 ਫੀਸਦ ਲੋਕ, 17.3 ਰੂਸੀ ਤੇ 4.9 ਫੀਸਦ ਦੂਸਰੇ ਹਨ, ਜਿਹੜੇ 87.3 ਫੀਸਦ ਇਸਾਈ ਹਨ। ਮੌਜੂਦਾ ਰਾਸ਼ਟਰਪਤੀ ਵੋਲੋਡੀਮੀਰ ਜੇਲੇਂਸਕੀ ਹੈ। ਸਾਲ 2004 ਦੌਰਾਨ ਸੰਤਰੀ ਇਨ-ਕਲਾਬ ਲਹਿਰ ਜਿਹੜੀ ਸਾਮਰਾਜੀ ਪੱਛਮੀ ਦੇਸ਼ਾਂ ਵੱਲੋ ਚਲਾਈ ਗਈ ਸੀ ਜਿਸ ਦਾ ਮੰਤਵ ਇਹ ਸੀ ਕਿ ਯੂਕਰੇਨ ਅੰਦਰ ਪੱਛਮ ਪੱਖੀ ਸਰਕਾਰ ਕਾਇਮ ਕੀਤੀ ਜਾਵੇ, ਇਸ ਮਨਸੂਬੇ ਅੰਦਰ ਉਹ ਸਫਲ ਵੀ ਹੋ ਗਏ ਸਨ।

ਯੂਕਰੇਨ ਅੰਦਰ ਸ਼ੁਰੂ ਤੋਂ ਹੀ ਰਾਜਸੀ ਉਥਲ-ਪੁਥਲ ਚਲਦੀ ਆ ਰਹੀ ਹੈ।16-ਮਾਰਚ, 2014 ਨੂੰ ਕਰੀਮੀਆਂ ਨੇ ਰੂਸ ਨਾਲ ਮਿਲ ਜਾਣ ਦੀ ਸੰਧੀ ਮੁਕੰਮਲ ਕਰ ਲਈ ਸੀ ਭਾਵੇਂ ਇਸ ਦੀ ਭਾਰੀ ਵਿਰੋਧਤਾ ਹੋਈ। ਅੱਜੇ ਵੀ ਯੂਕਰੇਨ ਦੇ ''ਡੋਨੇਕਕ ਤੇ ਲੋਹਾਂਸ਼ਕ'' ਖਿਤੇ ਜਿਹੜੇ ਬਾਗੀਆਂ ਦੇ ਕਬਜ਼ਿਆਂ ਹੇਠ ਹਨ ਰੂਸ ਨਾਲ ਹਾਂ ਨਾਲ ਹਾਂ ਮਿਲਾ ਰਹੇ ਹਨ। ਬਾਗੀਆਂ ਨਾਲ ਯੂਕਰੇਨੀ ਸਰਕਾਰ ਦੀਆਂ ਹੋਈਆਂ ਝੜਪਾ ਦੌਰਾਨ ਹਜ਼ਾਰਾਂ ਲੋਕ ਮਰ ਚੁੱਕੇ ਹਨ। ਅਗਸਤ-2014 ਨੂੰ ਸੰਯੁਕਤ ਅਮਰੀਕਾ ਤੇ ਰੂਸ ਰਾਂਹੀ ਦੋ ਧਿਰੀ ਕਮਿਸ਼ਨ ਨੇ ਉਪਰੋਕਤ ਝਗੜੇ ਨੂੰ ਹਲ ਕਰਨ ਲਈ ''ਬੋਇਸਤੋ-ਅਜੰਡਾ'' ਜਿਸ ਅੰਦਰ 24-ਨੁਕਤੇ ਸਨ ਪੇਸ਼ ਕੀਤਾ ਸੀ। ਯੂਰਪੀਅਨ ਯੂਨੀਅਨ ਨਾਲ ਯੂਕਰੇਨ ਨੇ ਇਕ ਸਮਝੌਤਾ ਕੀਤਾ ਸੀ ਪਰ ਉਹ ਵੀ ਅੱਗੇ ਨਹੀਂ ਵੱਧ ਸਕਿਆ। ਕਿਉਂਕਿ ਪੱਛਮ ਯੂਕਰੇਨ ਨੂੰ ਆਪਣੇ ਅੱਡੇ ਵਜੋਂ ਵਰਤਣਾ ਚਾਹੁੰਦਾ ਹੈ ਜੋ ਰੂਸ ਨੂੰ ਮਨਜ਼ੂਰ ਨਹੀਂ ਹੈ।ਯੂਕਰੇਨ ਅੰਦਰ ਜਾਰੀ ਰਾਜਨੀਤਕ ਉਥਲ-ਪੁਥਲ ਦੌਰਾਨ 4-ਮਾਰਚ, 2020 ਨੂੰ ''ਸ਼ਮੀਹਲ-ਸਰਕਾਰ'' ਹੋਂਦ ਵਿੱਚ ਆਈ ਅਤੇ ਵੋਲੋਡੀਮੀਰ ਜੇਲੇਂਸਕੀ ਰਾਸ਼ਟਰਪਤੀ ਬਣਿਆ। ਰਾਜਸੀ ਤੌਰ 'ਤੇ ਯੂਕਰੇਨ ਨੇ ਅਗਲੇ ਕਦਮ ਵੱਜੋ 28-ਜੁਲਾਈ, 2020 ਨੂੰ ਲੁਬਿਨ ਵਿਖੇ ਲਿਥੂਨੀਆਂ, ਪੋਲੈਂਡ ਤੇ ਯੂਕਰੇਨ ਦੀ ਇਕ ਤਿੰਨ ਧਿਰੀ ਸਹਿਯੋਗੀ ਧਿਰ ਕਾਇਮ ਕਰਕੇ ਯੂਰਪੀ-ਯੂਨੀਅਨ ਤੇ ਨਾਟੋ ਨਾਲ ਗਲ-ਵੱਕੜੀ ਪਾਉਣੀ ਸ਼ੁਰੂ ਕੀਤੀ ਸੀ। ਪਰ 12-ਮਈ, 2021 ਨੂੰ ਜੋਰਜੀਆ, ਮੋਲਦੋਵਾ ਤੇ ਯੂਕਰੇਨ ਨੇ ਤਿੰਨ ਦੇਸ਼ਾਂ ਦੀ ਸਭਾ ਬਣਾ ਕੇ ਯੂਰਪੀ-ਯੂਨੀਅਨ ਦਾ ਹਿਸਾ ਬਣਨ ਲਈ ਪੱਛਮ ਵਲ ਮੋੜਾ ਕੱਟਿਆ, ਜਿਸ ਨੂੰ ਰੂਸ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਜਿਸ ਕਾਰਨ ਪੱਛਮ ਪੱਖੀ ਯੂਕਰੇਨ ਦੇ ਇਨਾਂ ਕਦਮਾਂ ਕਰਕੇ ਉਸ ਦਾ ਰੂਸ ਨਾਲ ਤਨਾਅ ਚਲ ਰਿਹਾ ਹੈ। ਸਾਮਰਾਜੀ ਪੱਛਮ ਯੂਕਰੇਨ ਨੂੰ ਰੂਸ ਵਿਰੁੱਧ ਪੱਛਮੀ ਯੂਰਪ ਅੰਦਰ ਇਕ ਮਜ਼ਬੂਤ ਅੱਡੇ ਵਜੋ ਸਥਾਪਤ ਕਰਨਾ ਚਾਹੁੰਦਾ ਹੈ। ਜੋ ਰੂਸ ਨੂੰ ਮਨਜ਼ੂਰ ਨਹੀਂ ਹੈ।

ਸਾਮਰਾਜੀ ਅਮਰੀਕਾ ਆਪਣੀ ਵਿਸ਼ਵ ਵਿਆਪੀ ਸਰਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਆਰਥਿਕ ਸੰਕਟ ਦੇ ਨਾਂਹ ਪੱਖੀ ਪ੍ਰਭਾਵਾਂ ਉਪਰ ਕਾਬੂ ਪਾਉਣ ਦੇ ਆਪਣੇ ਯਤਨਾਂ ਵਿੱਚ ਸਰਵਪੱਖੀ ਵਧੇਰੇ ਹਮਲਾਵਰੀ ਦਾ,



ਜਗਦੀਸ਼ ਸਿੰਘ ਚੋਹਕਾ
91-9217997445
001-403-285-4208
ਕੈਲਗਰੀ (ਕੈਨੇਡਾ)

ਖਾਸਕਰ ਰਾਜਨੀਤਕ, ਆਰਥਿਕ ਤੇ ਫੌਜੀ ਦਖਲ ਅੰਦਾਜ਼ੀਆਂ ਰਾਹੀਂ ਹਮਲਾਵਰੀ ਦਾ, ਪ੍ਰਗਟਾਵਾ ਕਰ ਰਿਹਾ ਹੈ। ਅਮਰੀਕੀ ਫੌਜੀ ਦਖਲ ਅੰਦਾਜ਼ੀ ਤੇ ਨਾਟੋ ਦੀ ਅਗਵਾਈ ਵਿੱਚ ਮੱਧ-ਪੂਰਬ ਦੀਆਂ ਘਟਨਾਵਾਂ ਬਾਲਟਿਕ ਦੇਸ਼ਾਂ ਵਿਚ, ਪੋਲੈਂਡ ਅੰਦਰ ਨਾਟੋ ਦੀ ਤਾਇਨਾਤੀ ਤੇ ਚੀਨ ਨੂੰ ਘੇਰਨ ਲਈ ਆਪਣੇ ਯੁੱਧ ਨੀਤਕ ਟੀਚਿਆ ਨੂੰ ਅਮਰੀਕਾ ਹਮਲਾਵਰ ਰੂਪ ਨਾਲ ਅੱਗੇ ਵਧਾਉਣ ਲਈ ਹਰ ਤਰ੍ਹਾਂ ਤਰਲੋ-ਮੱਛੀ ਦਾ ਰੂਪ ਧਾਰੀ ਬੈਠਾ ਹੈ। ਪੈਸੀਫਿਕ ਏਸ਼ੀਆ ਅੰਦਰ, ਉੱਤਰ ਕੋਰੀਆ ਤੇ ਚੀਨ ਦੇ ਪਾਣੀਆ ਅੰਦਰ ਅਣ-ਸੁਖਾਣੇ ਮਾਹੌਲ ਪੈਦਾ ਕਰਕੇ ਜੰਗ ਵਾਲੀਆਂ ਹਾਲਤਾ ਪੈਦਾ ਕਰ ਰਿਹਾ ਹੈ। ਰੂਸ ਨੂੰ ਘੇਰਨ ਲਈ ਯੂਕਰੇਨ ਨੂੰ ਮੋਹਰਾ ਬਣਾ ਕੇ ਅਮਰੀਕਾ ਤੇ ਨਾਟੋ ਇੱਥੇ ਆਪਣਾ ਜੰਗੀ-ਅੱਡਾ ਸਥਾਪਤ ਕਰਨਾ ਚਾਹੁੰਦਾ ਹੈ। ਦੁਨੀਆਂ ਅੰਦਰ ਖਾਸ ਕਰਕੇ ਸਮਾਜਵਾਦੀ ਦੇਸ਼ਾਂ ਵਿਰੁਧ ਅਮਰੀਕੀ ਸਾਮਰਾਜ ਦੀਆਂ ਹਮਲਾਵਰੀ ਕਾਰਵਾਈਆਂ ਨਾਲ, ਵਰਤਮਾਨ ਯੁੱਗ ਦੀ ਕੇਂਦਰੀ ਵਿਰੋਧਤਾਈ ''ਸਾਮਰਾਜ ਅਤੇ ਸਮਾਜਵਾਦ'' ਦੇ ਵਿਚਕਾਰ ਵਿਰੋਧਤਾਈ ਤਿੱਖੀ ਹੋਣ ਦੇ ਇਹ ਪ੍ਰਤੱਖ ਪ੍ਰਮਾਣ ਹਨ।

ਯੂਕਰੇਨ ਨੂੰ ਲੈ ਕੇ ਰੂਸ ਵਿਰੁਧ ਕਾਰਵਾਈ ਕਰਨ ਲਈ ਦੂਸਰੇ ਪਾਸੇ ਸਾਮਰਾਜੀ ਅਮਰੀਕਾ ਤੇ ਉਸ ਦੇ ਪੱਛਮੀ ਸਹਿਯੋਗੀਆਂ ਨੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਸਲ ਅੰਦਰ 1-ਫਰਵਰੀ ਨੂੰ ਬਹੁਤ ਚੀਕ-ਚਿਹਾੜਾ ਪਾਇਆ ਸੀ। ਅਮਰੀਕੀ ਰਾਜਦੂਤ ਲਿੰਡਾ-ਗਰੀਨ ਫੀਲਡ ਨੇ ਕਿਹਾ ਕਿ ਰੂਸ ਦੇ ਇਕ ਲੱਖ ਤੋਂ ਵੱਧ ਫੌਜੀ ਯੂਕਰੇਨ-ਸਰਹਿਦ ਤੇ ਤਾਇਨਾਤ ਹਨ ਤੇ ਰੂਸ ਸਾਈਬਰ ਹਮਲਿਆ ਅਤੇ ਝੂਠੀਆਂ ਸੂਚਨਾਵਾਂ ਫੈਲਾਅ ਕੇ ਘਟਨਾਵਾਂ ਵਿੱਚ ਨਵੀਂ ਪਚੀਦਗੀ ਬਣਾ ਰਿਹਾ ਹੈ। ਅਮਰੀਕਾ ਬਿਨਾਂ ਕਿਸੇ ਠੋਸ ਤੱਥ ਅਤੇ ਅਧਾਰ ਦੇ ਯੂਕਰੇਨ ਨੂੰ ਲੈ ਕੇ ਤਨਅ ਵਧਾਉਣਾ ਚਾਹੁੰਦਾ ਹੈ ਤੇ ਕੀਵ ਵਿਖੇ ਉਹ ''ਸ਼ੁਧ -ਨਾਜੀਆ'' ਨੂੰ ਸਤਾ ਵਿੱਚ ਲੈ ਕੇ ਆਇਆ ਹੈ, 'ਰੂਸ ਨੇ ਜਵਾਬ ਵਿੱਚ ਕਿਹਾ। ਸੁਰੱਖਿਆ ਕੌਂਸਲ ਅੰਦਰ ਇਹ ਤਿੱਖੀ ਬਹਿਸ ਅਜਿਹੇ ਸਮੇਂ ਹੋਈ ਜਦੋਂ ਮਾਸਕੋ ਦੀ ਮੀਟਿੰਗ ਰੋਕਣ ਦੀ ਕੋਸ਼ਿਸ਼ ਅਸਫਲ ਰਹੀ। ਚੀਨ ਨੇ ਵਿਧੀਗਤ ਵੋਟਿੰਗ ਖਿਲਾਫ ਵੋਟ ਪਾਉਣ, 'ਭਾਰਤ, ਕੀਨੀਆ, ਗੈਬੋਨ ਵਲੋਂ ਗੈਰ ਹਾਜ਼ਰ ਰਹਿਣ ਕਾਰਨ ਅਮਰੀਕਾ ਤੇ ਰੂਸ ਵਿਚਕਾਰ ਯੂਕਰੇਨ ਸੰਕਟ ਸਬੰਧੀ ਚਲ ਰਹੀ ਗਲਬਾਤ ਅਸਫਲ ਰਹੀ। ਜਦਕਿ ਰੂਸ ਨੇ ਯੂਕਰੇਨ ਤੇ ਹਮਲੇ ਦੀ ਯੋਜਨਾ ਬਣਾਉਣ ਸਬੰਧੀ ਇਨਕਾਰ ਕੀਤਾ। ਯੂਕਰੇਨ, 'ਰੂਸ ਨਾਲੋ 10-ਗੁਣਾ ਛੋਟਾ ਦੇਸ਼ ਹੈ ਤੇ ਦੇਸ਼ ਅੰਦਰ ਮਾਰਸ਼ਲ-ਲਾਅ ਲਾਉਣ ਦੀ ਤਿਆਰੀ ਹੋ ਰਹੀ ਹੈ। ਕੀਵ ਵਿਖੇ ਰੂਸੀ ਦੂਤ-ਘਰ ਵਿਰੁਧ ਮੁਜ਼ਾਹਰੇ ਹੋ ਰਹੇ ਹਨ ਅਤੇ ਦੂਤ-ਘਰ ਨੂੰ ਅੱਗ ਲਗਾਉਣ ਦੀਆਂ ਖਬਰਾਂ ਆ ਰਹੀਆਂ ਹਨ।

ਮੌਜੂਦਾ ਯੂਕਰੇਨ-ਰੂਸ ਦੇ ਤਨਾਅ ਦਾ ਕਾਰਨ ਕਾਲਾ ਸਾਗਰ ਅੰਦਰ ਯੂਕਰੇਨ ਦੇ ਸਮੁੰਦਰੀ ਬੇੜਿਆ ਦਾ ਰੂਸੀ ਖੇਤਰ ਅੰਦਰ ਜਾਣਾ ਸੀ। ਪਿਛਲੇ ਦਿਨੀ ਯੂਕਰੇਨ ਦੇ ਤਿੰਨ ਬੇੜੇ ਆਜ਼ੋਵ ਸਮੁੰਦਰ 'ਚ ਗੈਰ-ਕਨੂੰਨੀ ਢੰਗ ਨਾਲ ਰੂਸੀ ਖੇਤਰ ਅੰਦਰ ਦਾਖਲ ਹੋ ਗਏ, ਉਨ੍ਹਾਂ ਦੇ ਬਾਹਰ ਜਾਣ ਲਈ ਤੰਗ-ਮਾਰਗ 'ਤੇ ਇਕ ਪੁਲ ਹੈ। ਰੂਸੀ ਬੇੜਿਆ ਨੇ ਉਨ੍ਹਾਂ ਨੂੰ ਰੋਕਣ ਲਈ ਆਜ਼ੋਵ ਸਮੁੰਦਰ ਵਲ ਦਾ ਰਾਹ ਬੰਦ ਕਰ ਦਿੱਤਾ।ਆਜ਼ੋਵ ਸਮੁੰਦਰ ਜ਼ਮੀਨ ਨਾਲ ਘਿਰਿਆ ਹੋਇਆ ਹੈ ਤੇ ਕਾਲਾ-ਸਾਗਰ ਤੋਂ ਕਰਚ ਦੇ ਤੰਗ ਰਸਤੇ ਥਾਂਣੀ ਹੋ ਕੇ ਹੀ ਇਸ ਵਿੱਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਆਜ਼ੋਵ-ਸਮੁੰਦਰ ਦੀਆਂ ਸਰਹੱਦਾਂ ਰੂਸ ਤੇ ਯੂਕਰੇਨ ਵਿਚਕਾਰ ਵੰਡੀਆਂ ਹੋਈਆਂ ਹਨ। ਰੂਸ ਦੇ ਕਹਿਣ ਮੁਤਾਬਿਕ ਇਕ ਗੰਨਾਂ ਨਾਲ ਲੈਸ ਤੇ ਬੇੜੀਆ ਖਿਚਣ ਵਾਲੇ ਜਹਾਜ ਦਾ ਪਿਛਾ ਕੀਤਾ ਤੇ ਕਬਜ਼ੇ 'ਚ ਲੈ ਲਿਆ ਗਿਆ।ਇਸ ਐਕਸ਼ਨ ਵਿੱਚ 6-ਕਰੂ ਦੇ ਮੈਂਬਰ ਜ਼ਖ਼ਮੀ ਹੋ ਗਏ। ਰੂਸ ਦਾ ਕਹਿਣਾ ਹੈ ਕਿ ਇਹ ਜਹਾਜ਼ ਗੈਰ-ਕਨੂੰਨੀ ਰੂਸੀ ਪਾਣੀਆਂ 'ਚ ਪ੍ਰਵੇਸ਼ ਕਰ ਗਿਆ ਸੀ। ਰੂਸ ਨੇ ਇਨ੍ਹਾਂ ਗੰਨ ਵੋਟਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਯੂਕਰੇਨ ਦੇ ਰਾਸ਼ਟਰਪਤੀ ਨੇ ਦੇਸ਼ ਅੰਦਰ ਇਨ੍ਹਾਂ ਹਲਾਤਾਂ ਨੂੰ ਦੇਖਦੇ ਹੋਏ ਮਾਰਸ਼ਲ ਲਾਅ ਲਗਾਉਣ ਲਈ ਕਾਰਵਾਈ ਸ਼ੁਰੂ ਵੀ ਕਰ ਦਿੱਤੀ। 2014 ਦੇ ਰੂਸ ਵੱਲੋ ਕ੍ਰੀਮੀਆਈ ਕਬਜ਼ੇ ਬਾਦ ਯੂਕਰੇਨ ਨੂੰ ਕਰਚ ਤੋਂ ਆਜ਼ੋਵ-ਸਮੁੰਦਰ ਵਲ ਜਾਣ ਦੀ ਰੋਕ ਹੈ। ਆਜ਼ੋਵ ਸਮੁੰਦਰੀ ਕ੍ਰੀਮੀਆਈ ਪ੍ਰਾਇਦੀਪ ਦੇ ਪੂਰਬ 'ਚ ਹੈ। ਜਿਥੇ ਇਸ ਖੇਤਰ 'ਚ ਰੂਸ ਪੱਖੀ ਬਾਗੀਆਂ ਦਾ ਕਬਜ਼ਾ ਹੈ ਜੋ ਯੂਕਰੇਨ ਦੇ ਦੱਖਣ ਵੱਲ ਹੈ। ਉੱਤਰੀ ਕਿਨਾਰੇ ਯੂਕਰੇਨ ਦੀਆਂ ਦੋ ਬੰਦਰਗਾਹਾਂ ਹਨ ਜਿਥੋ ਕਣਕ ਬਰਾਮਦ ਹੁੰਦੀ ਹੈ ਤੇ ਸਟੀਲ ਤੇ ਕੋਲਾ ਦਰਾਮਦ ਹੁੰਦਾ ਹੈ। ਇਹ ਬੰਦਰਗਾਹਾਂ ਆਰਥਿਕ ਤੌਰ 'ਤੇ ਅਹਿਮ ਹਨ ਤੇ ਬੰਦ ਹੋਣ ਨਾਲ ਯੂਕਰੇਨ ਨੂੰ ਬਰਾਮਦੀ ਵਪਾਰ 'ਚ 25-ਫੀਸਦ ਨੁਕਸਾਨ ਹੋਵੇਗਾ ਤੇ ਉਸ ਦੀ ਆਰਥਿਕਤਾ ਤਬਾਹ ਹੋ ਜਾਵੇਗੀ।

ਯੂਕਰੇਨ-ਰੂਸ ਤਨਾਅ ਦੇ ਸੰਦਰਭ ਅੰਦਰ ਅੱਜ ਭਾਵੇਂ ਠੰਡੀ-ਜੰਗ ਦਾ ਕੋਈ ਸਾਰੋਕਾਰ ਤਾਂ ਨਜ਼ਰ ਨਹੀਂ ਆਉਂਦਾ ਹੈ, ਕਿਉਂਕਿ ਸੋਵੀਅਤ-ਰੂਸ 1991 ਨੂੰ ਹੀ ਢਹਿ-ਢੇਰੀ ਹੋ ਚੁਕਿਆ ਹੋਇਆ ਹੈ। ਪਰ ਜਮਾਤੀ ਸ਼ਕਤੀਆ ਦੇ ਕੌਮਾਂਤਰੀ ਸੰਤੁਲਨ 'ਚ ਸਾਮਰਾਜ ਦੇ ਪੱਖ ਵਿੱਚ ਬਦਲਾਅ ਦੇ ਬਾਅਦ, ਅਮਰੀਕਾ ਨੇ ਆਪਣੇ ਤਿੰਨ ਐਲਾਨੇ ਮਨੋਰਥ ਨੂੰ ਹਾਸਲ ਕਰਨ ਰਾਹੀ, ਆਪਣੀ ਸੰਸਾਰੀ ਸਰਦਾਰੀ ਨੂੰ ਪੁਖਤਾ ਕਰਨ ਦਾ ਰਸਤਾ ਅਪਨਾਇਆ ਹੋਇਆ ਹੈ। ਪਹਿਲਾ ਮਨੋਰਥ ਬਚੇ ਹੋਏ ਸਮਾਜਵਾਦੀ ਦੇਸ਼ਾਂ ਨੂੰ ਢਹਿ-ਢੇਰੀ ਕਰਨਾ, ਦੂਸਰਾ ਉਨ੍ਹਾਂ ਨੂੰ ਹਰਾ ਕੇ ਜਾਂ ਫਿਰ ਆਪਣੇ ਨਾਲ ਮਿਲਾਉਣਾ। ਤੀਸਰਾ ਕਦਮ ਸੰਸਾਰ ਦੇ ਰਾਸ਼ਟਰਵਾਦ ਨੂੰ ਨਾਪੁੰਨਸਿਕ ਬਣਾਉਣਾ, ਜਿਸ ਨੇ ਬਸਤੀਵਾਦ ਦੇ ਖਾਤਮੇ ਦੀ ਪ੍ਰਕਿਰਿਆ ਦੇ ਬਾਦ ਗੁੱਟ-ਨਿਰਲੇਪ ਲਹਿਰ ਨੂੰ ਸਾਕਾਰ ਕੀਤਾ ਸੀ, ਅਤੇ ਆਖਰੀ ਮਨੋਰਥ ਹੈ, ਆਮ-ਤੌਰ 'ਤੇ ਸਮੁੱਚੇ ਸੰਸਾਰ ਉਤੇ ਅਤੇ ਖਾਸ ਤੌਰ 'ਤੇ ਜਿਨ੍ਹਾਂ ਨੂੰ ਅਮਰੀਕਾ ਆਪਣਾ ਸੰਭਾਵੀ ਪ੍ਰਤੀਯੋਗੀ ਸਮਝਦਾ ਹੈ ਉਨ੍ਹਾਂ ਦੇ ਉਪਰ ਦੋ ਟੁੱਕ ਅਤੇ ਸਪੱਸ਼ਟ ਫੌਜੀ ਅਤੇ ਆਰਥਿਕ ਉਤਮੱਤਾ ਸਥਾਪਤ ਕਰਨਾ ਹੈ। ਠੰਡੀ ਜੰਗ ਦੇ ਅੰਤ ਤੋਂ ਬਾਅਦ ਨਾਟੋ ਨੂੰ ਬਣੇ ਰਹਿਣ ਦੀ ਜ਼ਰੂਰਤ ਤਾਂ ਖਤਮ ਹੋ ਜਾਣੀ ਚਾਹੀਦੀ ਸੀ, ਪਰ ਸਾਮਰ-ਾਜਵਾਦ ਨੇ ਵਿਸ਼ਵ ਯੁੱਧ ਮਸ਼ੀਨ ਦੇ ਰੂਪ ਵਿੱਚ ਨਾਟੋ ਨੂੰ ਹੋਰ ਮਜ਼ਬੂਤ ਕੀਤਾ ਹੈ। ਮੱਧ ਪੂਰਬ, ਇਰਾਕ, ਸੀਰੀਆ, ਅਫਗਾਨਿਸਤਾਨ, ਲੀਬੀਆ, ਦੱਖਣੀ ਲਾਤੀਨੀ ਦੇਸ਼ਾਂ, ਅਫ਼ਰੀਕਾ ਤੇ ਏਸ਼ੀਆਈ ਦੇਸ਼ਾਂ ਅੰਦਰ ਜਿੰਨੀ ਵੀ ਰਾਜਸੀ ਉਥਲ-ਪੁਥਲ, ਜਮਹੂਰੀ ਚੁਣੀਆਂ ਸਰਕਾਰਾਂ ਦੇ ਤਖਤੇ ਉਲਟਾਏ ਜਾਣੇ ਤੇ ਫੌਜੀ ਬਗਾਵਤਾਂ ਸਭ ਸਾਮਰਾਜੀ ਸਾਜ਼ਸ਼ਾਂ ਦਾ ਸਿੱਟਾ ਹੈ।

ਭਾਵੇਂ ਯੂਕਰੇਨ-ਰੂਸ ਤਨਾਅ ਨੂੰ ਪੱਛਮੀ ਨੀਤੀਕਾਰ ਇਸ ਗਲ ਨੂੰ ਲੁਕਾ ਰਹੇ ਹਨ, ਪਰ ਇਹ ਸਪਸ਼ਟ ਹੈ ਕਿ ਸਮਰਾਜੀ ਅਮਰੀਕਾ, ਨਾਟੋ ਤੇ ਪੱਛਮ ਯੂਕਰੇਨ ਨੂੰ ਆਪਣੀ ਢਾਲ ਬਣਾ ਕੇ ਇਥੇ ਰੂਸ ਨੂੰ ਘੇਰਨ ਲਈ ਜੰਗੀ-ਅੱਡਾ ਬਣਾਉਣ ਲਈ ਸਾਜ਼ਸ਼ ਰਚ ਰਹੇ ਹਨ। ਇਸ ਵੇਲੇ ਨਾਟੋ ਦੇ 30-ਦੇਸ਼ ਮੈਂਬਰ ਹਨ। ਸੁਰੱਖਿਅ ਤੇ ਰੱਖਿਆ ਮਾਹਰ ਜੋਨਾਥਨ ਮਾਰਕਸ ਅਨੁਸਾਰ ਅਮਰੀਕਾ ਆਪਣੇ ਸ਼ਰਾਫਤ ਖਾਨੇ 'ਚ ਮੁਲਾਜ਼ਮਾਂ ਨੂੰ ਵਾਪਸ ਬੁਲਾ ਰਿਹਾ ਹੈ। ਭਾਵ ਅਮਰੀਕਾ ਵੀ ਇਸ ਤਨਾਅ ਅੰਦਰ ਆਪਣੀ ਸਾਮਰਾਜੀ ਸਾਜ਼ਸ਼ ਨੂੰ ਅਜਾਈ ਨਹੀਂ ਜਾਣ ਦੇਵੇਗਾ ਤੇ ਪੱਛਮ ਯੂਰਪ ਨੂੰ ਰੂਸ ਵਿਰੁਧ ਜੰਗੀ ਅੱਡਾ ਬਣਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਲੱਗਦਾ ਹੈ। 2-ਫਰਵਰੀ, 2022 ਨੂੰ ਰੂਸ ਦੇ ਡਿਪਟੀ ਵਿਦੇਸ਼ ਮੰਤਰੀ ਨੇ ਅਮਰੀਕਾ ਵੱਲੋ ਯੂਰਪ ਅੰਦਰ ਹੋਰ ਫੌਜਾਂ ਭੇਜਣ ਤੇ ਨਾਟੋ ਨੂੰ ਪੱਛਮੀ ਯੂਰਪ ਅੰਦਰ ਮਜ਼ਬੂਤ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਅਮਰੀਕਾ ਤੇ ਉਸ ਦੇ ਇਤਹਾਦੀ ਨਾਟੋ ਦੇਸ਼ਾਂ ਦੇ ਇਹ ਕਦਮ ਜਿਥੇ ਗੈਰ-ਇਨਸਾਫ਼ੀ ਵਾਲੇ ਹਨ ਉਥੇ ਤਬਾਹੀ ਮਚਾਉਣ ਵਾਲੇ ਹਨ। ਰਾਜਨੀਤਕ ਮਾਹਰਾਂ ਅਨੁਸਾਰ ਜੇਕਰ ਯੂਕਰੇਨ ਨੂੰ ਰੂਸੀ ਖਤਰਾ ਨਹੀਂ ਤਾਂ ਯੂਕਰੇਨ ਹਥਿਆਰਾਂ ਦੀ ਮੰਗ ਕਿਉਂ ਕਰ ਰਿਹਾ ਹੈ ਤੇ ਅਮਰੀਕਾ ਯੂਰਪ ਅੰਦਰ ਕਿਉਂ ਫੌਜਾਂ ਭੇਜ ਰਿਹਾ ਹੈ (5-ਫਰਵਰੀ)। ਸਾਰੇ ਪੁਰਾਣੇ ਪੂਰਬੀ ਯੂਰਪ ਦੇ ਕਮਿਊਨਿਸਟ ਪੱਖੀ ਦੇਸ਼ਾਂ ਅੰਦਰ ਇਸਤੋਨੀਆ, ਲਾਤਵੀਆ, ਲਿਥੌਨੀਆ, ਪੋਲੈਂਡ, ਸਲੋਵਾਕੀਆ, ਹੰਗਰੀ, ਰੋਮਾਨੀਆ, ਬੁਲਗਾਰੀਆ ਜੋ ਰੂਸ ਨੂੰ ਪੱਛਮ ਵਲੋਂ ਘੇਰਦੇ ਹਨ, ਪੂਰੀ ਤਰ੍ਹਾਂ ਨਾਟੋ ਦੇ ਫੌਜੀ-ਅੱਡਿਆਂ, ਲੜਾਈ ਦਾ ਸਾਜ਼ੋ-ਸਮਾਨ ਤੇ ਫੌਜੀ ਹਥਿਆਰਾਂ ਨਾਲ ਯੁੱਧ ਕਰਨ ਲਈ ਲੈਸ ਹਨ। ਕੇਵਲ ਯੂਕਰੇਨ ਹੀ ਹੈ ਜੋ ਅੱਜੇ ਨਾਟੋ ਦਾ ਮੈਂਬਰ ਨਹੀਂ ਬਣ ਸਕਿਆ ਹੈ।

ਸਾਮਰਾਜੀ ਅਮਰੀਕਾ ਸਮੇਤ ਨਾਟੋ ਤੇ ਉਸ ਦੇ ਪਛਮੀ ਭਾਈਵਾਲ ਦੇਸ਼ ਅੱਜ ਫਿਰ ਯੂਕਰੇਨ ਅੰਦਰ ਨਾਟੋ ਦਾ ਅੱਡਾ ਕਾਇਮ ਕਰਨ ਲਈ ਰੂਸ ਵਿਰੁਧ ''ਕਿਊਬਾ ਮਿਜ਼ਾਇਲ'' ਸੰਕਟ ਵਾਲੀ ਸਥਿਤੀ ਨੂੰ ਜਨਮ ਦੇ ਰਹੇ ਹਨ। ਉਸ ਵੇਲੇ ਵੀ ਅਮਰੀਕਾ ਨੇ ਕਿਊਬਾ ਵਿਰੁਧ (16-ਅਕਤੂਬਰ-20-ਨਵੰਬਰ 1962) ਮਿਜ਼ਾਇਲਾ ਬੀੜ ਦਿਤੀਆਂ ਸਨ ਤੇ ਰੂਸ, ਕਿਊਬਾ ਦੀ ਪਿਠ ਤੇ ਖੜਾ ਹੋ ਗਿਆ ਸੀ। ਉਸ ਵੇਲੇ ਸਮਾਜਵਾਦੀ ਰੂਸ ਨੇ ਕਿਊਬਾ ਅੰਦਰ ਜਦੋਂ ਅਮਰੀਕਾ ਨੇ,'ਇਟਲੀ ਤੇ ਟੁਰਕੀ ਅੰਦਰ ਕਿਊਬਾ ਤੇ ਰੂਸ ਵਿਰੁਧ ਮਿਜ਼ਾਇਲਾ ਬੀੜੀਆਂ ਸਨ, ਦਾ ਸਾਹਮਣਾ ਕੀਤਾ ਸੀ। ਅਖੀਰ ਦੋਨੋ ਮਹਾਂ-ਸ਼ਕਤੀਆਂ ਵਿਚਕਾਰ ਇਕ ਸਮਝੌਤੇ ਬਾਦ ਦੋਨੋ ਧਿਰਾਂ ਨੇ ਮਿਜ਼ਾਇਲਾ ਡਿਸ-ਮੈਂਟਲ ਕੀਤੀਆਂ ਸਨ ਤੇ 7-ਸਾਲਾਂ ਬਾਦ ਪ੍ਰਮਾਣੂ-ਹਥਿਆਰਾਂ ਦੀ ਵਰਤੋਂ ਨਾ ਕਰਨ ਸਬੰਧੀ ਇਕ ਸਮਝੌਤਾ ਕੀਤਾ ਸੀ ਤੇ ਦੁਨੀਆਂ ਨੂੰ ਪ੍ਰਮਾਣੂ ਜੰਗ ਦੀ ਭੱਠੀ ਵਿਚੋਂ ਬਚਾਇਆ ਸੀ। ਅੱਜ ਵੀ ਜੰਗਬਾਜ਼ ਅਮਰੀਕਾ ਨੂੰ ਸੰਸਾਰ ਅਮਨ ਨੂੰ ਮੁੱਖ ਰੱਖਦਿਆਂ ਪਿਛੇ ਨੂੰ ਕਦਮ ਲੈਣੇ ਚਾਹੀਦੇ ਹਨ ਅਤੇ ਜੰਗੀ ਉਕਸਾਹਟਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਰੂਸੀ ਮੁਖੀ ਪੂਤਿਨ ਅਤੇ ਚੀਨ ਮੁੱਖ ਜੀ.ਪਿੰਗ ਨੇ ਸਰਦ ਰੁਤ ਉਲੰਪਿਕ ਖੇਡਾਂ ਵੇਲੇ ਬੀਜ਼ਿੰਗ ਵਿਖੇ, ਜਿਥੇ ਨਾਟੋ ਦੇ ਪ੍ਰਸਾਰਵਾਦ ਵਿਰੁਧ ਇਕ ਸਾਂਝੇ ਬਿਆਨ ਰਾਹੀਂ ਆਪਸੀ ਕਈ ਮੁਦਿਆ ਤੇ ਸਹਿਮਤੀ ਪ੍ਰਗਟ ਕੀਤੀ ਹੈ। ਪੂਤਿਨ ਨੇ ਇਹ ਵੀ ਕਿਹਾ ਕਿ ਰੂਸ-ਯੂਕਰੇਨ ਇਕ ਹਨ ਤੇ ਯੂਕਰੇਨ ਨਾਟੋ 'ਚ ਸ਼ਾਮਲ ਹੋਣ ਤੋਂ ਗੁਰੇਜ਼ ਕਰੇ। ਪੱਛਮੀ ਸ਼ਕਤੀਆਂ-ਨਾਟੋ ਰੱਖਿਆ ਗਠਜੋੜ ਰਾਹੀਂ ਰੂਸ ਨੂੰ ਹੇਠਾਂ ਨਹੀਂ ਲਾ ਸਕਦਾ ਹੈ। ਰੂਸ-ਚੀਨ ਕੋਈ ਵੱਖ ਨਹੀਂ ਹਨ, ਇਕ ਦੂਸਰੇ ਦੇ ਪੂਰਨ ਸਹਿਯੋਗੀ ਹਨ। ਦੋਨਾਂ ਮੁੱਖੀਆ ਨੇ ਅਮਰੀਕਾ-ਯੂ.ਕੇ-ਅਸਟ੍ਰੇਲੀਆ ਵਿੱਚਕਾਰ ''ਔਕਸ-ਸੁਰੱਖਿਆ ਪੈਕਟ'' ਦੀ ਅਲੋਚਨਾ ਕੀਤੀ । ਇਹ ਪੈਕਟ ਦੱਖਣੀ ਚੀਨ ਸਾਗਰ ਅੰਦਰ ਤਨਾਅ ਨੂੰ ਤੂਲ ਦੇਣ ਬਰਾਬਰ ਹੈ। ਪੂਤਿਨ ਨੇ ਤੈਵਾਨ ਨੂੰ ਚੀਨ ਦਾ ਖੁਦ-ਰਾਜ ਕਰਦਾ ਹਿੱਸਾ ਦੱਸਿਆ।

ਅਮਰੀਕਾ ਆਰਥਿਕ ਤੇ ਫੌਜੀ ਸ਼ਕਤੀ ਵੱਜੋ ਕਮਜ਼ੋਰ ਹੋ ਰਿਹਾ ਹੈ। ਯੂਰਪ ਅੰਦਰ ਯੂਕਰੇਨ ਅਤੇ ਏਸ਼ੀਆ ਅੰਦਰ ਤੈਵਾਨ ਮੱਸਲੇ ਅਮਰੀਕਾ ਲਈ ਖੋਅ ਬਣ ਰਹੇ ਹਨ। ਹੁਣ ਯੂਰਪ ਅੰਦਰ ਰੂਸ ਤੇ ਏਸ਼ੀਆ ਅੰਦਰ ਚੀਨ ਅਮਰੀਕੀ ਸਾਮਰਾਜ ਨੂੰ ਚੁਣੌਤੀ ਦੇ ਰਹੇ ਹਨ। ਯੂਰਪ ਦੇ ਕਈ ਅਮਰੀਕੀ ਭਾਈਵਾਲ ਦੇਸ਼ ਜਰਮਨੀ, ਫਰਾਂਸ, ਹੰਗਰੀ, ਯੂਕਰੇਨ ਮੱਸਲੇ 'ਚ ਪਿਛੇ ਹਟ ਰਹੇ ਹਨ। ਨਾਟੋ ਗਠਜੋੜ ਕਮਜ਼ੋਰ ਪੈ ਰਿਹਾ ਹੈ ਇਸ ਲਈ ਅਮਰੀਕਾ ਨੂੰ ਪਿਛੇ ਹੱਟਣਾ ਪੈਣਾ ਹੈ। ਜੰਗ ਉਸ ਨੂੰ ਮਹਿੰਗਾ ਪਏਗਾ। ਅੱਜ ਰੂਸ ਤੇ ਚੀਨ ਜਿਹੜੇ ਕਾਫੀ ਮੁੱਦਿਆ ਤੇ ਇਕਸੁਰ ਹਨ, ਅਮਰੀਕਾ ਲਈ ਵੱਡੀ ਚੁਣੌਤੀ ਹੈ। ਕ੍ਰੀਮੀਆ ਦੀ ਤਰ੍ਹਾਂ ਯੂਕਰੇਨ ਦਾ ਪੂਰਬੀ ਹਿੱਸਾ ਵੀ ਬਗਾਵਤ ਕਰਕੇ ਰੂਸ ਨਾਲ ਮਿਲ ਸਕਦਾ ਹੈ। ਤੀਸਰੇ ਯੁੱਧ ਦੀ ਸਥਿਤੀ 'ਚ ਜੇਕਰ ਯੂਰਪ ਕੇਂਦਰ ਬਣਦਾ ਹੈ ਬਹੁਤ ਸਾਰੇ ਦੇਸ਼ ਅਮਰੀਕਾ ਦਾ ਸਾਥ ਨਹੀਂ ਦੇਣਗੇ। ਇਸੇ ਤਰ੍ਹਾਂ ਏਸ਼ੀਆ 'ਚ ਚੀਨ, ਮੱਧ ਏਸ਼ੀਆ 'ਚ ਇਰਾਨ, ਟਰਕੀ, ਸੀਰੀਆ ਵੀ ਰੂਸ ਦਾ ਸਾਥ ਦੇਣਗੇ। ਭਾਰਤ ਨੂੰ ਪਾਕਿਸਤਾਨ ਤੇ ਚੀਨ ਨਾਲ ਕਿਸੇ ਤਰ੍ਹਾਂ ਦੇ ਮਤਭੇਦਾਂ ਕਾਰਨ ਇਸ ਤਨਾਅ ਅੰਦਰ ਅਮਰੀਕਾ ਦਾ ਮੋਹਰਾ ਨਹੀਂ ਬਣਨਾ ਚਾਹੀਦਾ, ਇਸ ਵਿੱਚ ਹੀ ਭਾਰਤ ਦਾ ਭਲਾ ਹੈ।

## ਮੋਦੀ ਜੀ ਪੰਜਾਬ ਤਾਂ ਪਹਿਲਾਂ ਵੀ ਇੱਥੇ ਸੀ ਬਸ ਤੁਹਾਨੂੰ ਹੀ ਨਜ਼ਰ ਨਹੀਂ ਆਇਆ, ਪਤਾ ਨਹੀਂ ਕਿਉਂ ...?



ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਦੀ ਯਾਦ ਆ ਗਿਆ ਹੈ। ਲਗਾਤਾਰ ਚੋਣ ਰੈਲੀਆਂ ਵਿੱਚ 'ਨਵਾਂ ਪੰਜਾਬ ਨਵੀਂ ਟੀਮ ਦੇ ਨਾਲ' ਕਹਿ ਕਹਿ ਕੇ ਲੋਕਾਂ ਤੋਂ ਵੋਟਾਂ ਬਟੋਰਨ ਦੀ ਆਪਣੀ ਪੁਰਾਣੀ ਕਵਾਇਦ ਦੁਹਰਾ ਰਹੇ ਹਨ। ਬੜੇ ਵਿਸ਼ਵਾਸ ਨਾਲ ਦਾਅਵਾ ਠੋਕ ਕੇ ਕਹਿ ਰਹੇ ਕਿ ਆਉਣ ਵਾਲੇ ਦਿਨਾਂ ਵਿੱਚ ਸੂਬੇ ਅੰਦਰ ਭਾਰਤੀ ਜਨਤਾ ਪਾਰਟੀ, ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੀ ਅਗਵਾਈ ਵਾਲੇ ਐਨ.ਡੀ.ਏ. ਗੱਠਜੋੜ ਦੀ ਸਰਕਾਰ ਬਣਨੀ ਤੈਅ ਹੈ। ਇਸ ਡਬਲ ਇੰਜਣ ਦੀ ਸਰਕਾਰ ਨਾਲ ਪੰਜਾਬ ਦੀ ਤਾਕਤ ਹੋਰ ਦੁੱਗਣੀ ਹੋ ਜਾਵੇਗੀ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਨੂੰ ਸੱਤਾਂ ਸਾਲਾਂ ਬਾਹਦ ਪੰਜਾਬ ਦੀ ਯਾਦ ਆਈ ਹੈ। ਹੁਣ ਕਹਿ ਰਹੇ ਹਨ ਕਿ ਪੰਜਾਬ ਤਰੱਕੀ ਕਰੇ ਤੇ ਅੱਗੇ ਵਧੇ। ਮੋਦੀ ਨੂੰ ਹੁਣ ਕੋਈ ਵੀ ਪੁੱਛਣ ਵਾਲਾ ਨਹੀਂ ਕਿ ਮੋਦੀ ਜੀ ਪੰਜਾਬ ਨੂੰ ਬਰਬਾਦ ਕਿਸ ਨੇ ਕੀਤਾ ਹੈ। ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੌਣ ਕਰਦਾ ਰਿਹਾ ਹੈ। ਪਹਿਲਾਂ ਤੁਹਾਡੇ ਕਿਸੇ ਨੇ ਹੱਥ ਫੜੇ ਸੀ ਕਿ ਪੰਜਾਬ ਆਬਾਦ ਨਾ ਕਰੋ। ਪੰਜਾਬ ਪਹਿਲਾਂ ਵੀ ਇਥੇ ਸੀ ਤੇ ਹੁਣ ਵੀ ਇਥੇ ਹੀ ਰਹਿਣਾ ਹੈ। ਬਸ ਦੋ ਚਾਰ ਦਿਨ ਦੀ ਗੱਲ ਹੈ ਇਕ ਵਾਰ ਵੋਟਾਂ ਪੈ ਲੈਣ ਦੀਓ। ਫਿਰ ਤੂੰ ਕੌਣ ਤੇ ਮੈ ਕੌਣ ਵਾਲੀ ਗੱਲ ਹੋ ਜਾਣੀ ਹੈ। ਕਹਿੰਦੇ ਨੇ ਕਿ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤੇ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਅਗਰ ਤੁਹਾਨੂੰ ਪੰਜਾਬ ਨਾਲ ਇਨਾਂ ਹੀ ਪਿਆਰ ਹੈ ਤੇ ਕੋਈ ਦੇ ਦਿਓ ਸਪੈਸਲ ਪੈਕੇਜ਼ ਪੰਜਾਬ ਨੂੰ। ਖਾਹ ਪੁੱਤਰ ਬਥੇਰਾ ਕੁਝ ਪਰ ਹੱਥੋਂ ਕੁਝ ਦੇਣਾ ਨਹੀਂ। ਖੁੱਕੀ ਵੜੇ ਪਕਾਉਣ ਵਾਲੀ ਗੱਲ ਹੀ ਕੀਤੀ ਜਾ ਰਹੀ ਹੈ। ਇਹ ਮਤਲਬ ਸਾਫ ਹੈ ਜੇ ਐਨ ਡੀ ਏ ਦੀ ਸਰਕਾਰ ਨਾ ਬਣੀ ਤੇ ਫਿਰ ਸਭ ਕੁਝ ਉਵੇਂ ਹੀ ਰਹੇਗਾ, ਜੇ ਬਣ ਗਈ ਤਾਂ ਫਿਰ ਵੇਖਾਂਗੇ। ਨਸ਼ਿਆਂ ਪ੍ਰਤੀ ਪ੍ਰਧਾਨ ਮੰਤਰੀ ਦੀ ਫਿਕਰਮੰਦੀ ਜਾਇਜ਼ ਹੈ । ਉਹ ਵੀ ਕੇਂਦਰ ਸਰਕਾਰ ਚਾਹੇ ਤਾਂ ਇੱਕ ਦਿਨ ਵਿੱਚ ਬੰਦ ਕਰ ਸਕਦੀ ਹੈ। ਨਸ਼ਾ ਤਸਕਰਾਂ ਨੂੰ ਹੁਣ ਕਿਉਂ ਨਹੀਂ ਕਾਲੇ ਪਾਣੀ ਦੀਆਂ ਜੇਲ੍ਹਾਂ ਵਿੱਚ ਨਹੀਂ ਭੇਜਿਆ ਜਾਂਦਾ। ਨਸ਼ਿਆਂ ਨਾਲ ਬਰਬਾਦ ਹੋ ਰਹੇ ਨੌਜਵਾਨ ਪੁੱਤ ਦੀ ਮਾਂ ਦਾ ਦਰਦ ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਸੂਬੇ ਅੰਦਰ ਬੇਰੁਜ਼ਗਾਰੀ, ਰਿਸ਼ਵਤਖੋਰੀ ਤੇ ਨਸ਼ਿਆਂ ਨਾਲ ਸਖਤੀ ਨਾਲ ਨਜਿੱਠਣ ਦੀ ਜ਼ਰੂਰਤ ਹੈ। ਇਹ ਵਾਅਦਾ ਵੀ ਕਾਗਜ਼ਾਂ ਵਿੱਚ ਹੀ ਘੁੰਮਦਾ ਫਿਰਦਾ ਰਹਿੰਦਾ ਹੈ ਕਿ ਪੰਜਾਬ ਨੂੰ ਕਰਜ਼ੇ ਤੋਂ ਵੀ ਮੁਕਤੀ ਤੇ ਹਰ ਤਰ੍ਹਾਂ ਦਾ ਮਾਫ਼ੀਆ ਰਾਜ ਖ਼ਤਮ ਕਰਨ ਵਾਲਾ। ਮੋਦੀ ਜੀ ਤੁਸੀਂ ਹੁਣ ਸੱਤਾਂ ਸਾਲਾਂ ਬਾਹਦ ਇਹ ਕਹਿ ਰਹੇ ਹੋ ਕਿ ਸੱਤਾ ਸਾਡੇ ਲਈ ਕੋਈ ਖੇਡ ਨਹੀਂ ਹੈ ? ਅਸਾਂ ਲੋਕਾਂ ਦੀ ਸੇਵਾ ਕਰਕੇ ਉਨ੍ਹਾਂ ਦੇ ਸੁਪਨੇ ਪੂਰੇ ਕਰਨੇ ਹਨ ਪਰ ਕਦੋਂ ? ਗੱਲਾਂ ਨਾਲ ਕੜ੍ਹਾਹ ਬਣਾਉਣਾ ਕਿ ਪੰਜਾਬ ਨੇ ਉਨ੍ਹਾਂ ਨੂੰ ਉਸ ਸਮੇਂ ਵੀ ਪੂਰਾ ਮਾਣ ਸਨਮਾਨ ਦਿੱਤਾ, ਜਦੋਂ ਉਹ ਇਕ ਸਧਾਰਨ ਵਰਕਰ ਦੇ ਤੌਰ 'ਤੇ ਇੱਥੇ ਆਉਂਦੇ ਸਨ।ਪੰਜਾਬ ਨੇ ਉਨ੍ਹਾਂ ਨੂੰ ਰੋਟੀ ਖਿਲਾਈ ਅਤੇ ਸੰਭਾਲਿਆ ਤੇ ਪੰਜਾਬ ਦਾ ਉਨ੍ਹਾਂ ਦੇ ਸਿਰ 'ਤੇ ਬਹੁਤ ਕਰਜ਼ਾ ਹੈ, ਜਿਸ ਨੂੰ ਉਤਾਰਨ ਲਈ ਉਹ ਜਿੰਨੀ ਵੀ ਸੇਵਾ ਕਰਨ ਘੱਟ ਹੈ। ਵਾਰ ਵਾਰ ਵੋਟਾਂ ਮੰਗਣਾ ਤੇ ਕਹਿਣਾ ਕਿ ਉਹ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਇਹ ਕਰਜ਼ ਉਤਾਰਨਗੇ।ਮੋਦੀ ਜੀ ਪੰਜਾਬ ਨੂੰ ਪੰਜਾਬ ਹੀ ਰਹਿਣ ਦਿੱਤਾ ਜਾਵੇ। ਬਾਰਡਰ ਤੇ ਵੱਸਦੇ ਲੋਕਾਂ ਲਈ ਤੁਹਾਡੇ ਕੋਲ ਅੱਜ ਵੀ ਕੋਈ ਰੋਡ ਮੈਪ ਨਹੀਂ ਹੈ। ਪੂਰਾ ਡੇਢ ਸਾਲ ਹੋ ਗਿਆ ਹੈ ਫੌਜ਼ ਦੀ ਭਰਤੀ ਨੂੰ ਬੰਦ ਕੀਤਿਆਂ ਨੂੰ । ਪੰਜਾਬੀਆਂ ਨੂੰ ਦੇਸ਼ ਸੇਵਾ ਲਈ ਜਿਹੜਾ ਜਨੂੰਨ ਸੀ. ਉਹ ਤੁਸੀਂ ਬਿਲਕੁੱਲ ਖਤਮ ਕਰ ਦਿੱਤਾ ਹੈ। ਫੌਜ਼ ਵਿੱਚ ਇੱਕ ਡੇਢ੍ਹ ਪ੍ਰਤੀਸ਼ਤ ਹੀ ਕੋਟਾ ਰਹਿਣ ਦਿੱਤਾ ਹੈ। ਮਸਲੇ ਬਹੁਤ ਨੇ ਪਰ ਤੁਹਾਡਾ ਸਿਰਫ ਇੱਕੋ ਹੀ ਮਸਲਾ ਹੈ ਉਹ ਹੈ ਵੋਟਾਂ ਵਟੋਰਨਾ। ਜਿਸ ਕਰਕੇ ਤੁਸੀਂ ਪੰਜਾਬ ਨੂੰ ਰੰਗੀਨ ਸੁਪਨੇ ਦਿਖਾ ਰਹੇ ਹੋ। ਨਹੀਂ ਤਾਂ ਪੰਜਾਬ ਪਹਿਲਾਂ ਵੀ ਇੱਥੇ ਸੀ ਤੇ ਹੁਣ ਵੀ ਇੱਥੇ ਰਹਿਣਾ ਹੈ। ਤੁਹਾਨੂੰ ਹੀ ਨਜ਼ਰ ਨਹੀਂ ਆਇਆ ਜੇ ਨਜ਼ਰ ਆਇਆ ਤੇ ਉਹ ਵੀ ਵੋਟਾਂ ਵੇਲੇ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ (ਫਿਰੋਜ਼ਪੁਰ)*
*7589155501*

# ਵੱਡੇ ਭਰਾ ਦੀ ਨਿਯੁਕਤੀ

-ਪਵਨ ਲਾਠਰ-

ਇਹ ਗੱਲ ਉਸ ਦਿਨ ਦੀ ਹੈ, ਜਦੋਂ ਮੇਰੇ ਵੱਡੇ ਭਰਾ ਨੂੰ ਜੇ ਬੀ ਟੀ ਅਧਿਆਪਕ ਦਾ ਨਿਯੁਕਤੀ ਪੱਤਰ ਮਿਲਿਆ ਸੀ। ਡਾਕੀਏ ਦੇ ਹੱਥੋਂ ਉਨ੍ਹਾਂ ਨੇ ਨਿਯੁਕਤੀ ਪੱਤਰ ਇਸ ਤਰ੍ਹਾਂ ਲਿਆ, ਜਿਵੇਂ ਰਾਸ਼ਟਰਪਤੀ ਤੋਂ ਪਦਮ ਪੁਰਸਕਾਰ ਪ੍ਰਾਪਤ ਕਰ ਰਹੇ ਹੋਣ। ਖੁਸ਼ ਹੋ ਕੇ ਡਾਕੀਏ ਨੂੰ ਪਤਝੜ ਮੌਸਮ ਵਿੱਚ ਵੀ ਹਰਿਆਲੀ ਦੇ ਦਰਸ਼ਨ ਕਰਵਾ ਦਿੱਤੇ ਸਨ। ਡਾਕੀਆ ਵਧਾਈ ਦਿੰਦਾ ਹੋਇਆ ਆਪਣੀ ਵਰਦੀ ਦੀ ਜੇਬ ਹਰੀ ਪੱਤੀ ਨਾਲ ਹਰੀ ਕਰ ਕੇ ਖੁਸ਼ੀ-ਖੁਸ਼ੀ ਸਾਇਕਲ ਦੇ ਪੈਡਲ ਮਾਰਦਾ ਚਲਾ ਗਿਆ। ਮੀਂਹ ਦੀ ਲੰਬੀ ਉਡੀਕ ਤੋਂ ਬਾਅਦ ਜ਼ਿੰਦਗੀ ਦੇ 34ਵੇਂ ਪਤਝੜ ਤੱਕ ਪੁੱਜ ਕੇ ਨੌਕਰੀ ਦੀ ਚਿੜੀ ਵੱਡੇ ਭਰਾ ਦੇ ਪਿੰਜਰੇ ਵਿੱਚ ਆ ਬੈਠੀ। ਤੈਅ ਹੋਇਆ ਕਿ ਅਗਲੀ ਸਵੇਰ ਜਾ ਕੇ ਕੁਰਸੀ ਸੰਭਾਲ ਲੈਣਗੇ। ਅਜਿਹਾ ਨਾ ਹੋਵੇ ਕਿ ਪਰਸੋਂ ਤੱਕ ਸਰਕਾਰ ਨਾ ਰਹੇ ਅਤੇ ਨਵੀਂ ਸਰਕਾਰ ਨਵੇਂ ਲੋਕਾਂ ਦੇ ਨਿਯੁਕਤੀ ਪੱਤਰ ਦੇ ਦੇਵੇ। ਸੂਬਾ ਸਰਕਾਰਾਂ ਵਿੱਚ ਉਸ ਸਮੇਂ ਸਰਕਾਰੀ ਨੌਕਰੀ ਦੀ ਆਪਣੇ ਲੋਕਾਂ ਵਿੱਚ ਬਾਂਦਰ ਵੰਡ ਕਰਨ ਦਾ ਰਿਵਾਜ਼ ਜਿਹਾ ਸੀ।

ਅਗਲੇ ਦਿਨ ਸਵੇਰੇ ਸਵੇਰੇ ਨਿਯੁਕਤੀ ਪੱਤਰ ਲੈ ਕੇ ਅਸੀਂ ਦੋਵੇਂ ਮੰਜ਼ਿਲ ਵੱਲ ਨਿਕਲ ਪਏ। ਦਿਲ ਨਿਯੁਕਤੀ ਪੱਤਰ ਮਿਲਣ ਨਾਲ ਨਿਹਾਲ ਸੀ ਤੇ ਪੇਟ ਖੁਸ਼ੀ ਦੀ ਗੈਸ ਨਾਲ ਫੁੱਲਿਆ ਜਾ ਰਿਹਾ ਸੀ, ਕਿਉਂਕਿ ਨਾਸ਼ਤੇ ਦੇ ਨਾਂਅ ਉੱਤੇ ਸਿਰਫ ਨਿਯੁਕਤੀ ਪੱਤਰ ਸੁੰਦਰ ਸੀ। ਅਸੀਂ ਦੋਵੇਂ ਦੋਪਹੀਆ ਨਾਲ ਜਦੋਂ ਪਿੰਡ ਦੀ ਅੱਧੀ-ਕੱਚੀ ਸੜਕ ਉੱਤੇ ਫੱਰਾਟਾ ਭਰਦੇ ਪਹੁੰਚੇ ਤਾਂ ਇੰਦਰ ਦੇਵ ਨੇ ਸਾਡੇ ਸਵਾਗਤ ਵਿੱਚ ਮੋਤੀਆਂ ਨਾਲ ਛਿੱਟੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਅੱਗੇ ਚੱਲ ਰਹੀ ਗੱਡੀ ਦੇ ਪਹੀਆਂ ਨਾਲ ਮਿੱਟੀ-ਪਾਣੀ ਦੇ ਮਿਸ਼ਰਣ ਨਾਲ ਬਣੇ ਗਾਰੇ ਦੇ ਛਿੱਟੇ ਸਾਡੇ ਨਾਲ ਟਕਰਾਉਣ ਲੱਗੇ। ਅਸੀਂ ਦੋਵੇਂ ਚਿੱਟੀਆਂ ਸ਼ਰਟਾਂ ਵਿੱਚ ਸਜੇ ਹੋਏ ਸੀ ਅਤੇ ਦੋਵੇਂ ਹੀ ਦੇਖਣ ਵਿੱਚ ਭਿੱਜੀਆਂ ਬਿੱਲੀਆਂ ਦਿਖਾਈ ਦੇ ਰਹੇ ਸਾਂ। ਉਦੋਂ ਇੰਦਰ ਦੇਵ ਨੂੰ ਸਾਡੀ ਦਸ਼ਾ ਉੱਤੇ ਤਰਸ ਆ ਗਿਆ ਅਤੇ ਸਾਡੇ ਕੱਪੜਿਆਂ ਦੀ ਮਿੱਟੀ ਉਤਾਰਨ ਲਈ ਪੂਰੇ ਜ਼ੋਰ ਨਾਲ ਸਾਡੇ ਉਪਰ ਮੀਂਹ ਦੀਆਂ ਤੇਜ਼ ਬੌਛਾਰਾਂ ਵੀ ਕਰ ਦਿੱਤੀਆਂ।

ਨਿਯੁਕਤੀ ਦੇ ਚਾਅ ਵਿੱਚ ਸਾਡਾ ਮਨ ਫੁੱਲਾਂ ਨਾਲ ਭਰਿਆ ਬਾਗਬਾਨ ਸੀ ਤੇ ਤਨ ਤੋਂ ਅਸੀਂ ਉਜੜਿਆ ਹੋਇਆ ਬਾਗ ਲੱਗਦੇ ਸੀ। ਜਿਵੇਂ-ਤਿਵੇਂ ਅਸੀਂ ਪਲੇਸਮੈਂਟ ਸਕੂਲ ਪੁੱਜੇ ਤਾਂ ਦੇਖਿਆ ਕਿ ਉਥੇ ਪਹਿਲਾਂ ਤੋਂ ਸਾਡੇ ਵਰਗੇ ਲਿਬਾਸਾਂ ਵਿੱਚ ਨਵੀਂ ਨਿਯੁਕਤੀ ਪਾਉਣ ਵਾਲੇ ਅਧਿਆਪਕ ਲਾਈਨ ਵਿੱਚ ਖੜ੍ਹੇ ਹਨ। ਉਨ੍ਹਾਂ ਨਾਲ ਦੁਆ ਸਲਾਮ ਹੋਇਆ। ਪੁੱਛਣ ਉੱਤੇ ਪਤਾ ਲੱਗਾ ਕਿ ਨਿਯੁਕਤੀ ਦੇਣ ਵਾਲੇ ਅਧਿਕਾਰੀ ਆਪਣੇ ਦੋਪਹੀਆ ਨਾਲ ਦਫਤਰ ਵੱਲ ਆ ਰਹੇ ਸਨ, ਉਨ੍ਹਾਂ ਦਾ ਦੋਪਹੀਆ ਵਾਹਨ ਇਸ ਗਰਮੀ ਦੇ ਮਹੀਨੇ ਵਿੱਚ ਪਾਣੀ ਨਾਲ ਭਰਿਆ ਟੋਇਆ ਦੇਖ ਕੇ ਅਧਿਕਾਰੀ ਦੇ ਅਧਿਕਾਰ ਤੋਂ ਨਿਕਲ ਕੇ ਟੋਏ ਵਿੱਚ ਡੁਬਕੀ ਲਾਉਣ ਲੱਗਾ, ਪਰ ਬਦਕਿਸਮਤੀ ਨਾਲ ਉਸ ਉੱਤੇ ਸਵਾਰ ਅਧਿਕਾਰੀ ਨਾ ਛਾਲ ਮਾਰ ਸਕੇ। ਖੈਰ ਦੁਪਹਿਰ ਬਾਅਦ ਹਸਪਤਾਲ ਤੋਂ ਮੱਲ੍ਹਮ ਪੱਟੀ ਕਰਵਾ ਕੇ ਨਵੇਂ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਆਉਣਗੇ। ਉਦੋਂ ਤੱਕ ਸਾਰਿਆਂ ਨੂੰ ਭਰਨ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ। ਮੈਂ ਉਤਸੁਕਤਾ ਨਾਲ ਇੱਕ ਨਵੇਂ ਬਣਨ ਵਾਲੇ ਅਧਿਆਪਕ ਤੋਂ ਉਨ੍ਹਾਂ ਦਾ ਭਰਿਆ ਜਾ ਚੁੱਕਾ ਅਰਜ਼ੀ ਪੱਤਰ ਮੰਗ ਲਿਆ। ਨਾਂਅ ਆਦਿ ਤੋਂ ਹੇਠਾਂ ਗੁਜਰਦੇ ਹੋਏ ਮੇਰੀ ਨਜ਼ਰ ਰਾਸ਼ਟਰੀਅਤਾ ਦੇ ਕਾਲਮ ਉੱਤੇ ਪਈ, ਜਿੱਥੇ ਸਾਹਿਬ ਨੇ ਆਪਣੇ ਹੱਥੀਂ 'ਭਾਰਤੀ' ਦੇ ਸਥਾਨ ਉੱਤੇ ਕੁਝ ਹੋਰ ਹੀ ਲਿਖਿਆ ਹੋਇਆ ਸੀ। ਮੈਂ ਉਨ੍ਹਾਂ ਦੇ ਮੁੱਖ ਮੰਡਲ ਦੀ ਚਮਕ ਦੇਖਣ ਦੀ ਖਾਤਰ ਉਨ੍ਹਾਂ ਵੱਲ ਆਪਣਾ ਸਿਰ ਘੁਮਾਇਆ ਤਾਂ ਉਨ੍ਹਾਂ ਦੇ ਸਫਾਚੱਟ ਸਿਰ ਵੱਲ ਧਿਆਨ ਭਟਕ ਗਿਆ। ਮੈਂ ਉਨ੍ਹਾਂ ਨੂੰ ਨਿਮਰਤਾ ਪੂਰਵਕ ਪੁੱਛਿਆ, 'ਭਾਈ ਸਾਹਿਬ, ਤੁਸੀਂ ਰਾਸ਼ਟਰੀਅਤਾ ਦੇ ਕਾਲਮ ਵਿੱਚ ਭਾਰਤੀ ਦੀ ਜਗ੍ਹਾ 'ਨਰਕ' ਕਿਉਂ ਲਿਖ ਦਿੱਤਾ ਹੈ?'

ਉਨ੍ਹਾਂ ਨੇ ਲਗਭਗ ਖਿਝਦੇ ਹੋਏ ਜਵਾਬ ਦਿੱਤਾ, ''ਨੌਕਰੀ ਵੀ ਉਥੋਂ ਦੀ ਹੈ ਨਾ''। ਉਨ੍ਹਾਂ ਦੇ ਜਵਾਬ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਮੈਂ ਉਨ੍ਹਾਂ ਦੇ ਉਸ ਬੇਤੁਕੇ ਜਵਾਬ ਨਾਲ ਉਨ੍ਹਾਂ ਵੱਲੋਂ ਭਵਿੱਖ ਵਿੱਚ ਪੜ੍ਹਾਏ ਜਾਣ ਵਾਲੇ ਬੱਚਿਆਂ ਦਾ ਭਵਿੱਖ ਸੋਚ ਕੇ ਕੰਬਿਆ ਅਤੇ ਮਨ ਵਿੱਚ ਖਿਆਲ ਆਇਆ ਕਿ ਇਹ ਕਿਹੋ ਜਿਹਾ ਅਧਿਆਪਕ ਹੈ, ਜਿਸ ਨੂੰ ਖੁਦ ਕਿਸੇ ਚੰਗੇ ਅਧਿਆਪਕ ਤੋਂ ਪੜ੍ਹਨ ਦੀ ਲੋੜ ਹੈ।



# ਖ਼ਬਰਾਂ ਪੰਜਾਬ ਦੀਆਂ

## ਪੰਜਾਬ ਵਾਸੀ 'ਝਾੜੂ' ਨੂੰ ਵੋਟਾਂ ਪਾ ਕੇ ਸਿਆਸੀ ਭ੍ਰਿਸ਼ਟਾਚਾਰ ਨੂੰ ਸਾਫ਼ ਕਰਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਗੇ: ਭਗਵੰਤ ਮਾਨ

* ਭਗਵੰਤ ਮਾਨ ਨੇ 'ਆਪ' ਉਮੀਦਵਾਰ ਨਰੇਸ਼ ਕਟਾਰੀਆ ਲਈ ਕੀਤਾ ਚੋਣ ਪ੍ਰਚਾਰ



ਜ਼ੀਰਾ (ਫਿਰੋਜ਼ਪੁਰ),15 ਫਰਵਰੀ (ਗਿਆਨ ਸਿੰਘ ) ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਉਮੀਦਵਾਰ ਨਰੇਸ਼ ਕਟਾਰੀਆ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਮਾਨ ਨੇ ਲੋਕਾਂ ਨੂੰ ਅਪੀਲ ਕੀਤੀ,''ਪੰਜਾਬ 'ਚੋਂ 70 ਸਾਲਾਂ ਦੇ ਸਿਆਸੀ ਭ੍ਰਿਸ਼ਟਾਚਾਰ ਨੂੰ ਝਾੜੂ ਨਾਲ ਸਾਫ਼ ਕਰਨ ਦਾ ਮੌਕਾ ਆ ਗਿਆ ਹੈ। ਸਾਰੇ ਪੰਜਾਬ ਵਾਸੀ ਆਪਣੀ ਇੱਕ- ਇੱਕ ਵੋਟ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ 'ਝਾੜੂ' ਨੂੰ ਪਾ ਕੇ ਪੰਜਾਬ ਵਿੱਚੋਂ ਸਿਆਸੀ ਭ੍ਰਿਸ਼ਟਾਚਾਰ ਨੂੰ ਸਾਫ਼ ਕਰਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਗੇ।''

ਮੰਗਲਵਾਰ ਨੂੰ ਭਗਵੰਤ ਮਾਨ ਨੇ ਪਾਰਟੀ ਉਮੀਦਵਾਰ ਨਰੇਸ਼ ਕਟਾਰੀਆ ਦੇ ਹੱਕ ਵਿੱਚ ਚੋਣ ਮਾਰਚ ਕੀਤਾ ਅਤੇ ਵੱਖ- ਵੱਖ ਥਾਂਵਾਂ 'ਤੇ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ,''20 ਫਰਵਰੀ ਦੀ ਤਰੀਕ ਨੂੰ ਪੰਜਾਬ ਵਿੱਚ ਨਵਾਂ ਇਤਿਹਾਸ ਸਿਰਜਣ ਦਾ ਮੌਕਾ ਹੈ, ਪੰਜਾਬ ਵਿੱਚ ਨਵੀਂ ਸਵੇਰ ਲਿਆਉਣ ਲਈ।'' ਉਨਾਂ ਕਿਹਾ ਕਿ ਅਕਾਲੀ ਦਲ ਬਾਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਆਗੂ ਵਾਰੀ ਬੰਨ ਕੇ ਪੰਜਾਬ ਨੂੰ ਲੁੱਟਦੇ ਆ ਰਹੇ ਹਨ ਅਤੇ ਕੁੱਟਦੇ ਵੀ ਆ ਰਹੇ ਹਨ। ਇਨਾਂ ਰਿਵਾਇਤੀ ਸਿਆਸੀ ਪਾਰਟੀਆਂ ਦੀ ਗਲਤ ਨੀਤੀਆਂ ਅਤੇ ਅਮੀਰ ਹੋਣ ਦੀ ਲਾਲਸਾ ਕਾਰਨ ਅੱਜ ਪੰਜਾਬ 3 ਲੱਖ ਕਰੋੜ ਤੋਂ ਜ਼ਿਆਦਾ ਦਾ ਕਰਜਦ-ਾਰ ਹੈ।

ਮਾਨ ਨੇ ਦੱਸਿਆ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਸਰਕਾਰ ਦਾ ਖ਼ਜ਼ਾਨਾ ਪੈਸੇ ਨਾਲ ਭਰਿਆ ਰਹਿੰਦਾ ਸੀ ਅਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇਣ ਤੋਂ ਬਾਅਦ ਵੀ ਪੰਜਾਬ ਸਰਕਾਰ ਕੋਲ ਪੈਸਾ ਬਚਇਆ ਰਹਿੰਦਾ ਸੀ। ਪਰ ਹੁਣ ਪੰਜਾਬ ਸਰਕਾਰ ਦਾ ਖ਼ਜ਼ਾਨਾ ਭਰਨ ਲਈ ਵੀ ਕਰਜਾ ਲੈਣਾ ਪੈ ਰਿਹਾ ਹੈ। ਮਾਨ ਨੇ ਕਿਹਾ ਕਿ ਅਕਾਲੀ ਦਲ ਬਾਦਲ, ਕਾਂਗਰਸ ਅਤੇ ਭਾਜਪਾ ਦੇ ਆਗੂਆਂ ਨੇ ਪੰਜਾਬ ਦੇ ਸਾਧਨਾਂ 'ਤੇ ਕਬਜਾ ਕਰ ਰੱਖਿਆ ਹੈ, ਜਿਸ ਕਾਰਨ ਸਰਕਾਰ ਨੂੰ ਕੋਈ ਆਮਦਨ ਨਹੀਂ ਹੋ ਰਹੀ, ਸਗੋਂ ਪੰਜਾਬ ਦੀ ਆਮਦਨ ਸਿਆਸੀ ਆਗੂਆਂ ਦੇ ਘਰਾਂ ਦੀ ਤਿਜੌਰੀ ਵਿੱਚ ਬੰਦ ਹੋ ਰਹੀ ਹੈ।

ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੀ ਆਮਦਨ ਵਧਾਉਣ ਲਈ ਜ਼ਰੂਰੀ ਹੈ ਕਿ ਆਮਦਨ ਦੇ ਸਾਧਨਾਂ ਨੂੰ ਬਾਦਲਾਂ, ਕਾਂਗਰਸੀਆਂ ਅਤੇ ਭਾਜਪਾਈਆਂ ਤੋਂ ਆਜ਼ਾਦ ਕਰਾਇਆ ਜਾਵੇ। ਜਿਸ ਦੇ ਲਈ ਪੰਜਾਬ ਦੀ ਸਰਕਾਰ ਬਦਲਣੀ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ 20 ਫਰਵਰੀ ਨੂੰ ਪੰਜਾਬ ਦੀ ਸਰਕਾਰ ਬਦਲਣ ਦਾ ਸੁਨਿਹਰਾ ਮੌਕਾ ਹੈ। ਇਸ ਲਈ ਸਾਰੇ ਵੋਟਰ ਆਪਣੀ ਕੀਮਤੀ ਵੋਟ 'ਝਾੜੂ' ਦੇ ਨਿਸ਼ਾਨ 'ਤੇ ਪਾਉਣ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਤਾਂ ਜੋ ਪੰਜਾਬ ਵਿੱਚ ਇੱਕ ਇਮਾਨਦਾਰ ਅਤੇ ਲੋਕ ਹਿਤੈਸ਼ੀ ਸਰਕਾਰ ਦਾ ਗਠਨ ਕੀਤਾ ਜਾ ਸਕੇ। ਉਮੀਦਵਾਰ ਨਰੇਸ਼ ਕਟਾਰੀਆ ਨੇ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਦਾਅਵਾ ਕੀਤਾ ਕਿ ਉਹ ਜ਼ੀਰਾ ਹਲਕੇ ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਵਿੱਚ ਪਾਉਣਗੇ।

## ਵਿਰੋਧੀਆਂ ਉੱਤੇ ਜਾਖੜ ਦੇ ਨਿਸ਼ਾਨੇ:

## ਨਰਿੰਦਰ ਮੋਦੀ ਦੱਸਣ ਕਿ ਸੀ ਆਰ ਪੀ ਐਫ ਦੇ ਸ਼ਹੀਦ ਹੋਏ ਜਵਾਨਾਂ ਲਈ ਬਣਾਈ ਕਮੇਟੀ ਦਾ ਕੀ ਹੋਇਆ?



ਗੁਰਦਾਸਪੁਰ, 15 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਹੁਲ ਗਾਂਧੀ ਗੁਰਦਾਸਪੁਰਪਹੁੰਚੇ, ਜਿੱਥੇ ਉਨ੍ਹਾਂ ਨੇ ਕਾਂਗਰਸੀ ਉਮੀਦਵਾਰ ਬਰਿੰਦਰਜੀਤ ਸਿੰਘ ਪਾਹੜਾ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਤੇ ਚੋਣ ਰੈਲੀ ਸੰਬੋਧਨ ਕੀਤਾ।

ਇਸ ਰੈਲੀ ਦੌਰਾਨ ਪੰਜਾਬ ਕਾਂਗਰਸ ਦੀ ਪ੍ਰਚਾਰ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੰਬੋਧਨ ਕੀਤਾ ਤਾਂ ਵਿਰੋਧੀਆਂ ਨੂੰ ਨਿਸ਼ਾਨੇ ਉੱਤੇਲੈਂਦੇ ਹੋਏ ਅਕਾਲੀ ਦਲ ਅਤੇ ਭਾਜਪਾ ਉੱਤੇ ਤਿੱਖੇ ਹਮਲੇ ਕੀਤੇ। ਜਾਖੜ ਨੇ ਕਿਹਾ ਹੈ ਕਿ ਇਹ ਪਾਰਟੀਆਂ ਅੰਦਰੋਂ ਮਿਲੀਆਂ ਹੋਈਆਂ ਹਨ, ਪਰ ਬਾਹਰ ਇੱਕ ਦੂਜੇ ਵਿਰੁੱਧ ਬੋਲ ਕੇ ਦਿਖਾਵਾ ਕਰਦੀਆਂ ਹਨ। ਉਨ੍ਹਾਂ ਨੇ ਇਹ ਗੱਲ ਫਿਰ ਦੁਹਰਾਈ ਕਿ ਲੋਕ ਭਾਵੇਂ ਅਕਾਲੀ ਦਲ ਨੂੰ ਵੋਟ ਪਾਉਣ ਜਾਂ ਕੇਜਰੀਵਾਲ ਨੂੰ, ਪਰ ਇਹ ਵੋਟ ਭਾਜਪਾ ਨੂੰ ਹੀ ਜਾਵੇਗੀ, ਕਿਉਂਕਿ ਇਹ ਭਾਜਪਾ ਦੇ ਏਜੰਟ ਹਨ। ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੀ ਸੁਰੱਖਿਆ ਦੀ ਫ਼ਿਕਰ ਪਈ ਹੋਈ ਹੈ, ਜਿਸ ਦੀ ਜਾਂਚ ਲਈ ਕਈ ਤਰ੍ਹਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਹਨ।ਜਾਖੜ ਨੇ ਕਿਹਾ ਕਿ ਮੋਦੀ ਇਸ ਗੱਲ ਦਾ ਜਵਾਬ ਦੇਣ ਕਿ ਪੁਲਵਾਮਾ ਵਿੱਚ ਸੀ ਆਰ ਪੀ ਐਫ਼ ਦੇ ਸ਼ਹੀਦ ਹੋਏ ਜਵਾਨਾਂ ਲਈ ਜੋ ਕਮੇਟੀ ਬਣਾਈ ਗਈ ਸੀ, ਉਸ ਦਾ ਕੀ ਹੋਇਆ? ਇਹ ਜਵਾਨ ਕਿਵੇਂ ਸ਼ਹੀਦ ਹੋਏ, ਜਿਸ ਬਾਰੇ ਹੋਈ ਜਾਂਚ ਦੀ ਰਿਪੋਰਟ ਕਿੱਥੇ ਹੈ? ਜਵਾਨਾਂ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੌਣ ਹੈ?

## ਭਾਜਪਾ ਉਮੀਦਵਾਰ ਉੱਤੇ ਹਮਲੇ ਦੇ ਦੋਸ਼ ਹੇਠ ਕਿਸਾਨ ਆਗੂ ਗ੍ਰਿਫਤਾਰ

* ਕਿਸਾਨਾਂ ਨੇ ਥਾਣਾ ਘੇਰਿਆ, ਸੰਘਰਸ਼ ਵਿੱਢਣ ਦੀ ਚਿਤਾਵਨੀ



ਹਮਲੇ ਤੋਂ ਬਾਅਦ ਜੇਰੇ ਇਲਾਜ ਸੁੱਚਾ ਰਾਮ ਲੱਧੜ।

ਲੁਧਿਆਣਾ, 15 ਫਰਵਰੀ (ਪੋਸਟ ਬਿਊਰੋ)- ਹਲਕਾ ਗਿੱਲ ਦੇ ਪਿੰਡ ਖੇੜੀ ਝਮੇੜੀ ਵਿੱਚ ਪਰਸੋਂ ਰਾਤ ਵੇਲੇ ਭਾਜਪਾ ਦੇ ਉਮੀਦਵਾਰ ਸੁੱਚਾ ਰਾਮ ਲੱਧੜ ਉੱਤੇ ਹਮਲਾ ਕਰਨ ਦੇ ਦੋਸ਼ ਹੇਠ ਥਾਣਾ ਸਦਰ ਦੀ ਪੁਲਸ ਨੇ ਲੱਧੜ ਦੀ ਸ਼ਿਕਾਇਤ ਉੱਤੇ ਕਿਸਾਨ ਆਗੂ ਜਗਵਿੰਦਰ ਸਿੰਘ, ਜਗਵਿੰਦਰ ਸਿੰਘ ਰਾਜੂ ਤੇ ਲਵਦੀਪ ਸਿੰਘ ਸਣੇ 20 ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਅਤੇ ਰਾਜੂ ਅਤੇ ਇੱਕ ਹੋਰ ਦੋਸ਼ੀ ਨੂੰ ਦੇਰ ਰਾਤ ਗ੍ਰਿਫਤਾਰ ਕਰ ਲਿਆ, ਜਿਸ ਮਗਰੋਂ ਕੱਲ੍ਹ ਸਵੇਰੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੀ ਅਗਵਾਈ ਹੇਠ ਕਿਸਾਨਾਂ ਨੇ ਥਾਣੇ ਦਾ ਘਿਰਾਓ ਕੀਤਾ।


ਕਿਸਾਨ ਆਗੂਆਂ ਨੇ ਇਤਰਾਜ਼ ਕੀਤਾ ਕਿ ਪੁਲਸ ਨੇ ਕਿਸਾਨਾਂ ਨੂੰ ਇਰਾਦਾ ਕਤਲ ਦੇ ਕੇਸ ਵਿੱਚ ਨਾਮਜ਼ਦ ਕੀਤਾ ਹੈ, ਜਿਸ ਵਿੱਚ ਹਮਾਯੂੰਪੁਰਾ ਸਰਕਲ ਦੇ ਪ੍ਰਧਾਨ ਜਗਵਿੰਦਰ ਸਿੰਘ ਰਾਜੂ ਦਾ ਕੋਈ ਲੈਣਾ-ਦੇਣਾ ਨਹੀਂ ਅਤੇ ਉਸ ਨੂੰ ਨਾਜਾਇਜ਼ ਫਸਾਇਆ ਜਾ ਰਿਹਾ ਹੈ। ਇਸ ਉੱਤੇਐਡੀਸ਼ਨਲ ਡੀ ਸੀ ਪੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਇਸ ਬਾਰੇ ਉਹ ਇੱਕ ਅਰਜ਼ੀ ਦੇਣ ਅਤੇ ਪੜਤਾਲ ਮਗਰੋਂ ਅੱਗੇ ਦੀ ਗੱਲ ਕੀਤੀ ਜਾਵੇਗੀ। ਦੋ ਘੰਟੇ ਤਕ ਥਾਣੇ ਦਾ ਘਿਰਾਓ ਕਰਨ ਮਗਰੋਂ ਕਿਸਾਨ ਉਥੋਂ ਚਲੇ ਗਏ।ਕਿਸਾਨ ਜਥੇਬੰਦੀ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੇ ਕਿਹਾ ਕਿ ਰਾਜੂ ਨੂੰ ਪਿੰਡ ਦੇ ਲੋਕਾਂ ਨੇ ਬੁਲ-ਾਇਆ ਸੀ। ਉਸ ਨੇ ਲੱਧੜ ਤੋਂ ਸਵਾਲ-ਜਵਾਬ ਜ਼ਰੂਰ ਕੀਤੇ ਸਨ, ਪਰ ਜਦੋਂ ਲੱਧੜ ਉਥੋਂ ਚਲੇ ਗਏ ਤਾਂ ਰਾਜੂ ਵੀ ਜਾਣ ਦੀ ਤਿਆਰੀ ਵਿੱਚ ਸੀ। ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇ ਪੁਲਸ ਨੇ ਇਨਸਾਫ ਨਾ ਕੀਤਾ ਤਾਂ ਅੰਦੋਲਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੱਧੜ ਉੱਤੇ ਹਮਲਾ ਕਾਂਗਰਸੀ ਅਤੇ ਆਮ ਆਦਮੀ ਪਾਰਟੀ ਵਾਲਿਆਂ ਨੇ ਕੀਤਾ ਹੈ।ਕਿਸਾਨਾਂ ਦੇ ਵਫਦ ਨੇ ਐਡੀਸ਼ਨਲ ਡੀ ਸੀ ਪੀ ਨੂੰ ਵੀਡੀਓ ਅਤੇ ਸਾਰੇ ਸਬੂਤ ਸੌਂਪੇ, ਜਿਸ ਤੋਂ ਪਤਾ ਲੱਗਦਾ ਹੈ ਕਿ ਹਮਲਾ ਕਰਨ ਵਾਲਿਆਂ ਵਿੱਚ ਰਾਜੂ ਸ਼ਾਮਲ ਨਹੀਂ ਸੀ।

## ਜਗਤਾਰ ਸਿੰਘ ਹਵਾਰਾ ਨੇ ਆਪਣੇ ਖ਼ਿਲਾਫ਼ 1998 ਵਿੱਚ ਦਰਜ ਕੇਸ ਦੀ ਜ਼ਮਾਨਤ ਮੰਗੀ



ਚੰਡੀਗੜ੍ਹ, 15 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਨੇ 1998 ਵਿੱਚ ਮੁਹਾਲੀ ਦੇ ਸੋਹਾਣਾ ਥਾਣੇ ਵਿੱਚ ਦਰਜ ਇੱਕ ਕੇਸ ਵਿੱਚ ਅਗਾਊਂ ਜ਼ਮਾਨਤ ਦੀ ਮੰਗ ਕਰਦਿਆਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ, ਜਿਸ ਉੱਤੇ ਕੱਲ੍ਹ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਅਤੇ ਅਗਲੀ ਤਰੀਕ ਨੂੰ ਸੁਣਵਾਈ ਹੋ ਸਕਦੀ ਹੈ।

ਜਗਤਾਰ ਸਿੰਘ ਹਵਾਰਾ ਦੀ ਅਰਜ਼ੀ ਉੱਤੇ ਹਾਈ ਕੋਰਟਨੇ ਪਹਿਲਾਂ ਸਵਾਲ ਕੀਤੇ ਸਨ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਅਗਾਊਂ ਜ਼ਮਾਨਤ ਕਿਵੇਂ ਮੰਗ ਸਕਦਾ ਹੈ, ਕਿਉਂਕਿ ਅਗਾਊਂ ਜ਼ਮਾਨਤ ਉਹ ਮੰਗ ਸਕਦਾ ਹੈ, ਜੋ ਅਜੇ ਗ੍ਰਿਫ਼ਤਾਰ ਨਹੀਂ ਹੋਇਆ। ਇਸ ਉੱਤੇ ਹਾਈ ਕੋਰਟ ਨੇ ਦਲੀਲਾਂ ਸੁਣਨ ਤੋਂ ਬਾਅਦ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹਵਾਰਾ ਦੇ ਖ਼ਿਲਾਫ਼ 13 ਜੂਨ 1998 ਵਿੱਚ ਧਾਰਾ 124 ਏ, 153 ਏ ਹੇਠ ਸ਼ਿਕਾਇਤ ਦਰਜ ਕੀਤੀ ਗਈ ਸੀ। ਹਵਾਰਾ ਦਾ ਕਹਿਣਾ ਹੈ ਕਿ ਉਸ ਨੂੰ ਇਸ ਕੇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਸ ਨੂੰ ਤਿਹਾੜ ਜੇਲ੍ਹ ਦੀ ਇੱਕ ਸੂਚੀ ਤੋਂ ਇਸ ਦੀ ਜਾਣਕਾਰੀ ਮਿਲੀ ਹੈ, ਇਸ ਲਈ ਉਸ ਨੇ ਇਸ ਕੇਸ ਵਿੱਚ ਅਗਾਊਂ ਜ਼ਮਾਨਤ ਮੰਗੀ ਹੈ।




## ਪੰਜਾਬੀ ਸਾਹਿਤ ਸਭਾ ਮੁਹਾਲੀ ਅਤੇ ਸਾਂਈ ਮੀਆਂ ਮੀਰ ਫਾਊਂਡੇਸ਼ਨ ਕੈਨੇਡਾ ਵਲੋਂ ਆਯੋਜਿਤ





ਮੁਹਾਲੀ 15 ਫਰਵਰੀ (ਗਿਆਨ ਸਿੰਘ)- ਪੰਜਾਬੀ ਸਾਹਿਤ ਸਭਾ(ਰਜਿ) ਮੁਹਾਲੀ ਅਤੇ ਸਾਂਈ ਮੀਆਂ ਮੀਰ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ ਨਗਰ ਨਿਗਮ ਲਾਇਬਰੇਰੀ ਮੇਨ ਪਾਰਕ ਵਿਖੇ "ਸਲਾਨਾ ਧੁੱਪ ਦਾ ਮੇਲਾ" ਆਯੋਜਿਤ ਕੀਤਾ ਗਿਆ।ਇਸ ਮੇਲੇ ਵਿਚ ਮੁਹਾਲੀ ਦੇ ਲੇਖਕਾਂ ਅਤੇ ਫ਼ਨਕਾਰਾਂ ਨੂੰ ਨਿਗਮ ਤੇ ਸਰਕਾਰ ਵਲੋਂ ਢੁਕਵੀਂ ਥਾਂ ਤੇ ਸਹਾਇਤਾ ਵਾਲੇ ਸਖ਼ਸ ਸ ਬਲਬੀਰ ਸਿੰਘ ਸਿੱਧੂ ਐਮ.ਐਲ਼.ਏ (ਸਾਬਕਾ ਸਿਹਤ ਮੰਤਰੀ ਪੰਜਾਬ) ਮੁੱਖ ਮਹਿਮਾਨ ਅਤੇ ਸ ਕੁਲਜੀਤ ਸਿੰਘ ਬੇਦੀ ਡਿਪਟੀ ਮੇਅਰ ਮੁਹਾਲੀ ਨੇ ਬਤੌਰ ਵਿਸੇਸ ਮਹਿਮਾਨ ਸ਼ਿਰਕਤ ਕੀਤੀ।ਇਸ ਮੌਕੇ ਸ੍ਰੀ ਹਰਕੇਸ਼ ਸ਼ਰਮਾ ਮੱਛਲੀਕਲਾਂ ,ਚੇਅਰਮੈਂਨ ਮਾਰਕੀਟ ਕਮੇਟੀ ਵੀ ਸਾਮਲ ਹੋਏ।ਸ ਬਲਬੀਰ ਸਿੰਘ ਸਿੱਧੂ ਨੇ ਵਾਅਦਾ ਕੀਤਾ ਕਿ ਉਹ ਭਵਿੱਖ ਵਿਚ ਵੀ ਹਮੇਸਾ ਆਪਣਾ ਯੋਗਦਾਨ ਪਾਉਦੇ ਰਹਿਣਗੇ।

ਇਸ ਸਾਹਿਤਕ ਸਮਾਗਮ ਵਿਚ ਟ੍ਰਾਈਸਿਟੀ(ਮੁਹਾਲੀ,ਚੰਡੀਗੜ੍ਹ ਤੇ ਪੰਚਕੂਲਾ),ਪੰਜਾਬ ਅਤੇ ਹੋਰਨਾਂ ਰਾਜਾਂ ਤੋਂ ਮਹਾਨ ਸਕਸ਼ੀਅਤਾਂ,ਸਾਿ-ਹਤਕਾਰ,ਅਦਾਕਾਰ,ਕਲਾਕਾਰ,ਪੱਤਰ ਕਾਰ,ਸਾਹਿਤ ਪ੍ਰੇਮੀ ਸਥਾਨਕ ਵਸਨੀਕਾਂ ਨੇ ਹਿੱਸਾ ਲਿਆ।ਇਸ ਮੌਕੇ ਤੇ ਪੰਜਾਬੀ ਸਾਹਿਤ ਸਭਾ(ਰਜਿ) ਮੁਹਾਲੀ ਦੇ ਸਰਪ੍ਰਸਤ ਡਾ.ਦੀਪਕ ਮਨਮੋਹਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੇਖਕਾਂ ਨੂੰ ਅਪੀਲ ਕੀਤੀ ਕਿ ਮਾਨਵਤਾਵਾਦੀ ਸੋਚ ਰੱਖੋ।ਉਨ੍ਹਾ ਕਿਹਾ ਜੇਕਰ ਇਸਤਰ੍ਹਾਂ ਦੀਆਂ ਕੋਸ਼ਿਸਾਂ ਅਤੇ ਉਪਰਾਲੇ ਹੁੰਦੇ ਰਹਿਣਗੇ ਤਾਂ ਪੰਜਾਬੀ ਅਤੇ ਪੰਜਾਬੀਅਤ ਨੂੰ ਕੋਈ ਖਤਰਾ ਨਹੀ ਹੈ।ਉਨ੍ਹਾਂ ਕਿਹਾ ਆਯੋਕੇ ਰਾਜਨੀਤਕ ਮਹੌਲ ਵਿਚ ਅਜਿਹੇ ਇਕੱਠ,ਸਭਾ ਦੀ ਵੱਡੀ ਦੇਣ ਹੈ।ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਡਾ.ਸ਼ਿੰਦਰਪਾਲ ਸਿੰਘ ਨੇ ਸਭਾ ਦੀਆਂ ਪ੍ਰਾਪਤੀਆਂ ਅਤੇ ਮੁੱਖ ਮਹਿਮਾਨ ਵਲੋਂ ਦਿੱਤੇ ਗਏ ਯੋਗਦਾਨ ਬਾਰੇ ਵਿਸਥਾਰ ਪੂਰਵਿਕ ਜਾਣਕਾਰੀ ਦਿੱਤੀ।

ਸਭਾ ਦੇ ਮੀਤ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਵਿਛੜੀਆਂ ਰੂਹਾਂ ਪ੍ਰਸਿੱਧ ਸਖ਼ਸੀਅਤਾਂ ਸ ਗੁਰਚਰਨ ਸਿੰਘ ਬੋਪਾਰਾਏ ਅਤੇ ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ।ਡਾ,ਸਵੈਰਾਜ ਸੰਧੂ ਅਤੇ ਨਰਿੰਦਰ ਕੌਰ ਨਸਰੀਨ ਪ੍ਰੈਸ ਸਕੱਤਰ ਦੀ ਮੰਚ ਸੰਚਾਲਣਾ ਵਿੱਚ ਹੋਈਆਂ ਪੇਸ਼ਕਾਰੀਆਂ,ਪ੍ਰਬੰਧਕੀ ਕੰਮਾਂ ਵਿਚ ਨੱਠ ਭੱਜ ਕਰਨ ਵਾਲੇ ਡਾ.ਧਰਮਜੀਤ ਭੁੱਲਰ,ਵਿੱਤ ਸਕੱਤਰ ਡਾ. ਨਿਰਮਲ ਸਿੰਘ ਬਾਸੀ,ਇੰਦਰਜੀਤ ਸਿੰਘ ਜਾਵਾ,ਗੁਰਮਨਦੀਪ ਕੌਰ ਅਤ ਗੁੰਜਨਦੀਪ ਕੌਰ ਦੀ ਸਲਾਘਾ ਕੀਤੀ।ਇਸ ਮੌਕੇ ਅਗਲਾ ਮੇਲਾ ਡਾ.ਗੁਰਪਾਲ ਸਿੰਘ ਦੇ ਫਾਰਮ ਹਾਊਸ ਮੋਰਿੰਡਾ ਵਿਖੇ ਕਰਵਾਉਣ ਦੀ ਪੇਸਕਸ਼ ਬਾਰੇ ਦੱਸਿਆ।

"ਸਲਾਨਾ ਧੁੱਪ ਦਾ ਮੇਲਾ"

ਇਸ ਸਾਹਿਤਕ ਮੇਲੇ ਵਿਚ ਹੋਈਆਂ ਪੇਸ਼ਕਾਰੀਆਂ ਵਿਚ ਨਿਰਦੇਸ਼ਕ ਰਘਬੀਰ ਸਿੰਘ ਭੁੱਲਰ, ਸੁਖਮਨ ਅਤੇ ਅਨੁਸ਼ਕਾ ਦੀ ਨ੍ਰਿਤ ਨਾਟਿਕਾ "ਅੰਬੀ ਦਾ ਬੂਟਾ",ਭੁਪਿੰਦਰ ਸਿੰਘ ਮਟੌਰੀਆ,ਰਤਿੰਦਰ ਸਿੰਘ, ਸ ਸਵਰਨ ਸਿੰਘ ਸੰਧੂ, ਸ ਯੁੱਧਵੀਰ ਸਿੰਘ,ਡਾ. ਸੁਰਿੰਦਰ ਗਿੱਲ, ਮਨਜੀਤ ਇੰਦਰਾ,ਸ਼ਿਵਨਾਥ, ਸੁਰਜੀਤ ਕੌਰ ਬੈਂਸ,ਰਜਿੰਦਰ ਕੌਰ, ਡਾ. ਲਾਭ ਸਿੰਘ ਖੀਵਾ, ਸੱਚਪ੍ਰੀਤ ਕੌਰ ਖੀਵਾ,ਨਵਨੀਤ ਕੌਰ ਮਠਾੜੂ,ਬਲਵਿੰਦਰ ਸਿੰਘ ਢਿਲੋਂ,ਦਵਿੰਦਰ ਕੌਰ ਢਿਲੋਂ, ਕੁਲਬੀਰ ਸੈਣੀ, ਮਲਕੀਤ ਨਾਗਰਾ,ਅਮਰਜੀਤ ਕੌਰ,ਨਰਿੰਦਰ ਕੌਰ ਨਸਰੀਨ, ਮਲਕੀਅਤ ਬਸਰਾ, ਅਮਰ ਵਿਰਦੀ, ਜਸਬੀਰ ਸਿੰਘ ਢਿਲੋਂ 'ਡਾਬਰ'ਵਡੋਦਰਾ, ਗੁਜਰਾਤ ਤੋਂ ਰਸ਼ਮੀ ਸ਼ਰਮਾ,ਰਜਿੰਦਰ ਰੇਣੂ, ਮੇਜਰ ਸਿੰਘ, ਸ਼ੁਮਣ ਰਾਣੀ,ਵਿਸ਼ਾਲ ਅਤੇ ਫਤਿਹ ਸਿੰਘ ਨੇ ਗੀਤ,ਟੱਪੇ,ਬੋਲੀਆਂ,ਗਜ਼ਲਾਂ, ਸ਼ੇਅਰ ਅਤੇ ਕਵਿਤਾਵਾਂ ਸੁਣਾਈਆਂ। ਨਾਟਕਰਮੀ ਸੰਜੀਵਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਹਾਜ਼ਰ ਸਖ਼ਸੀਅਤਾਂ ਵਿਚ ਡਾ. ਭੁਪਿੰਦਰ ਸਿੰਘ ਘੁੰਮਣ,ਡੀਨ ਗੁਰੂ ਗਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ, ਪ੍ਰਿੰਸੀਪਲ ਮਲਕੀਤ ਸਿੰਘ ਬੈਦਵਾਨ,ਡਾ. ਦਵਿੰਦਰ ਸਿੰਘ ਬਾਛੜ,ਬਲਕਾਰ ਸਿੱਧੂ, ਡਾ. ਅਵਤਾਰ ਸਿੰਘ ਪਤੰਗ, ਡਾ. ਦਲਬਾਰਾ ਸਿੰਘ,ਗੁਰਦਰਸ਼ਨ ਸਿੰਘ ਮਾਵੀ, ਡਾ. ਅਵਤਾਰ ਸਿੰਘ,ਡਾ ਗਰਪਾਲ ਸਿੰਘ, ਸ ਕੇ. ਐਲ ਐਸ ਸੇਖੋਂ,ਸੀਨੀਅਰ ਪੱਤਰਕਾਰ ਅਵਤਾਰ ਸਿੰਘ ਭੰਵਰਾ ਅਤੇ ਅਜਾਇਬ ਸਿੰਘ ਔਜਲਾ,ਲਖਵੰਤ ਸਿੰਘ, ਨਰਿੰਦਰਪਾਲ ਸਿੰਘ ਨੀਨਾ,ਅਮ੍ਰਿਤਪਾਲ ਸਿੰਘ,ਡਾ. ਭੁਪਿੰਦਰ ਸਿੰਘ,ਵਿਕਰਮ ਸਿੰਘ, ਵਿੰਗ ਕਮਾਂਡਰ ਸ ਗਿਆਨ ਸਿੰਘ ਮਠਾੜੂ ਅਤ ਹੋਰ ਅਨੇਕਾਂ ਪਤਵੰਤੇ ਹਾਜ਼ਰ ਸਨ।

# ਤੁਰਕੀ ਏਅਰਲਾਈਨ ਦੇ ਸੇਵਾ ਮੁਕਤ ਚੇਅਰਮੈਨ ਨੂੰ ਏਅਰ ਇੰਡੀਆ ਦੀ ਕਮਾਨ ਸੌਂਪੀ ਗਈ



ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ)- ਤੁਰਕੀ ਏਅਰਲਾਈਨਸ ਦੇ ਸਾਬਕਾ ਚੇਅਰਮੈਨ ਇਲਕਰ ਏਅਸੀ ਨੂੰ ਟਾਟਾ ਸੰਨਜ਼ ਨੇ ਆਪਣੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਦਾ ਮੁੱਖ ਕਾਰਜਪਾਲਕ ਅਧਿਕਾਰੀ (ਸੀ ਈ ਓ) ਅਤੇ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ ਹੈ। ਉਹ ਇੱਕ ਅਪ੍ਰੈਲ ਤੋਂ ਕੰਮ ਸੰਭਾਲਣਗੇ।

ਏਅਸੀ ਦੀ ਨਿਯੁਕਤੀ ਉੱਤੇਖੁਸ਼ੀ ਜ਼ਾਹਰ ਕਰਦੇ ਹੋਏ ਟਾਟਾ ਸੰਨਜ਼ ਦੇ ਚੇਅਰਮੈਨ ਐਨ ਚੰਦਰਸ਼ੇਖਰਨ ਨੇ ਕਿਹਾ, ''ਉਹ ਏਵੀਏਸ਼ਨ ਇੰਡਸਟਰੀ ਨੂੰ ਬਿਹਤਰ ਢੰਗ ਨਾਲ ਸਮਝਦੇ ਹਨ ਅਤੇ ਤੁਰਕੀ ਏਅਰਲਾਈਨਸ ਨੂੰ ਨਵੀਆਂ ਉਚਾਈਆਂ ਤਕ ਪਹੁੰਚਾਉਣ ਵਿੱਚ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਹਰ ਕੋਈ ਜਾਣੂ ਹੈ। ਉਹ ਏਅਰ ਇੰਡੀਆ ਨੂੰ ਨਵੇਂ ਯੁੱਗ ਵਿੱਚ ਲੈ ਜਾਣਗੇ।'' ਆਪਣੀ ਨਿਯੁਕਤੀ ਉੱਤੇ ਏਅਸੀ ਨੇ ਕਿਹਾ, ''ਮੈਂ ਇੱਕ ਵੱਕਾਰੀ ਏਅਰਲਾਈਨ ਦੀ ਅਗਵਾਈ ਕਰਨ ਅਤੇ ਟਾਟਾ ਗਰੁੱਪ ਵਿੱਚ ਸ਼ਾਮਲ ਹੋਣ ਉੱਤੇ ਸਨਮਾਨਤ ਮਹਿਸੂਸ ਕਰ ਰਿਹਾ ਹਾਂ। ਅਸੀਂ ਏਅਰ ਇੰਡੀਆ ਦੀ ਵਿਰਾਸਤ ਦੀ ਵਰਤੋਂ ਕਰਕੇ ਇਸ ਨੂੰ ਦੁਨੀਆ ਦੀਆਂ ਸਰਬ ਸ੍ਰੇਸ਼ਠ ਏਅਰਲਾਈਨਾਂ ਵਿੱਚੋਂ ਇੱਕ ਬਣਾਵਾਂਗੇ।''

ਨਿੱਜੀਕਰਨ ਦੇ ਬਾਅਦ ਪਹਿਲੀ ਵਾਰ ਕਿਸੇ ਵਿਦੇਸ਼ੀ ਨੂੰ ਇਸ ਦੀ ਕਮਾਨ ਸੌਂਪੀ ਗਈ ਹੈ। ਛੇ ਜੂਨ 1953 ਤੋਂ 27 ਜਨਵਰੀ 2022 ਤਕ 61 ਜਣਿਆਂ ਦੇ ਹੱਥਾਂ ਵਿੱਚ ਇਸ ਦੀ ਅਗਵਾਈ ਰਹੀ। ਅਗਸਤ 2007 ਤੋਂ 27 ਜਨਵਰੀ 2022 ਵਿਚਾਲੇ ਅੱਠ ਲੋਕ ਕੰਪਨੀ ਦੇ ਸੀ ਐਮ ਡੀ ਰਹੇ। ਏਅਰ ਇੰਡੀਆ ਦੇ ਅੰਤਿਮ ਸੀ ਐਮ ਡੀ ਵਿਕਰਮ ਦੇਵ ਦੱਤ ਨੇ ਇਸੇ ਸਾਲ 21 ਜਨਵਰੀ ਨੂੰ ਕੰਮ ਸੰਭਾਲਿਆ ਅਤੇ 27 ਜਨਵਰੀ ਤਕ ਇਸ ਅਹੁਦੇ ਉੱਤੇ ਰਹੇ।

ਵਰਣਨ ਯੋਗ ਹੈ ਕਿ ਟਾਟਾ ਨੇ 27 ਜਨਵਰੀ ਨੂੰ ਕੰਪਨੀ ਦਾ ਕੰਟਰੋਲ ਆਪਣੇ ਹੱਥ ਲਿਆ ਸੀ। ਸਾਲ 1953 ਵਿੱਚ ਕੌਮੀਕਰਨ ਦੇ ਬਾਅਦ ਬੀ ਸੀ ਮੁਖਰਜੀ ਏਅਰ ਇੰਡੀਆ ਦੇ ਪਹਿਲੇ ਚੇਅਰਮੈਨ ਬਣੇ ਸਨ।

# ਅਮਰੀਕਾ ਵਿਚਲੇ ਅਫ਼ਗਾਨ ਡਿਪਲੋਮੈਟ ਕਰਜ਼ਾ ਲੈ ਕੇ ਗੁਜ਼ਾਰਾ ਕਰਨ ਲਈ ਮਜਬੂਰ



ਵਾਸ਼ਿੰਗਟਨ, 15 ਫਰਵਰੀ (ਪੋਸਟ ਬਿਊਰੋ)- ਵਾਸ਼ਿੰਗਟਨ ਵਿੱਚ ਅਫ਼ਗਾਨਿਸਤਾਨ ਦੇ ਦੂਤਘਰ ਦੇ ਨਾਲ ਨਿਊਯਾਰਕ ਅਤੇ ਲਾਸ ਏਂਜਲਸ ਵਿੱਚ ਅਫ਼ਗਾਨ ਵਪਾਰ ਕੌਂਸਲੇਟ ਵਿੱਚ ਕੰਮ ਕਰਦੇ ਡਿਪਲੋਮੈਟਾਂ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਹ ਲੋਕ ਆਪਣੀ ਬਚਤ ਦੀ ਵਰਤੋਂ ਕਰ ਕੇ ਅਤੇ ਕਰਜ਼ਾ ਲੈ ਕੇ ਗੁਜ਼ਾਰਾ ਕਰ ਰਹੇ ਹਨ।

ਇਹ ਜਾਣਕਾਰੀ ਦਿ ਨਿਊਯਾਰਕ ਟਾਈਮਜ਼ ਨੇ ਦਿੱਤੀ ਹੈ। ਅਖ਼ਬਾਰ ਵਿੱਚ ਕੱਲ੍ਹ ਛਪੀ ਇੱਕ ਰਿਪੋਰਟ ਅਨੁਸਾਰ ਅਫ਼ਗਾਨ ਦੂਤਘਰ ਨੂੰ ਵਾਸ਼ਿੰਗਟਨ ਹਰ ਮਹੀਨੇ ਲੱਗਭਗ 2,000 ਡਾਲਰ ਤੋਂ 3,000 ਡਾਲਰ ਦਿੰਦਾ ਹੈ, ਜਿਸ ਨਾਲ ਦੂਤਘਰ ਦੇ ਜ਼ਰੂਰੀ ਕੰਮ ਤਾਂ ਕੀਤੇ ਜਾ ਸਕਦੇ ਹਨ ਪਰ ਕਰਮਚਾਰੀਆਂ ਨੂੰ ਤਨਖਾਹ ਨਹੀਂ ਮਿਲ ਸਕਦੀ। ਪਤਾ ਲੱਗਾ ਹੈ ਕਿ ਅਕਤੂਬਰ 2021 ਤੋਂ ਦੂਤਘਰ ਦੇ ਫ਼ੰਡ ਤਕ ਤਾਲਿਬਾਨ ਦੀ ਪਹੁੰਚ ਰੋਕਣ ਲਈ ਅਮਰੀਕੀ ਬੈਂਕਾਂ ਨੇ ਖਾਤਿਆਂ ਨੂੰ ਫ੍ਰੀਜ਼ ਕਰ ਦਿੱਤਾ ਸੀ ਤੇ ਉਦੋਂ ਤੋਂ ਅਫ਼ਗਾਨ ਡਿਪਲੋਮੈਟਾਂ ਨੂੰ ਭੁਗਤਾਨ ਨਹੀਂ ਕੀਤਾ ਜਾ ਸਕਿਆ। ਅਫ਼ਗਾਨਿਸਤਾਨ ਦੇ ਡਿਪਲੋਮੈਟਾਂ ਨੂੰ ਪਿਛਲੇ ਸਾਲ ਅਕਤੂਬਰ ਤੋਂ ਵੀ ਭੁਗਤਾਨ ਨਹੀਂ ਕੀਤਾ ਗਿਆ, ਜਦੋਂ ਅਮਰੀਕੀ ਬੈਂਕਾਂ ਨੇ ਤਾਲਿਬਾਨ ਨੂੰ ਦੂਤਘਰ ਦੇ ਧਨ ਤਕ ਪਹੁੰਚਣ ਤੋਂ ਰੋਕਣ ਲਈ ਖਾਤਿਆਂ ਨੂੰ ਫ੍ਰੀਜ਼ ਕੀਤਾ ਸੀ। ਅਖ਼ਬਾਰ ਅਨੁਸਾਰ ਜੇ ਦੂਤਘਰ ਬੰਦ ਹੋ ਗਿਆ ਤਾਂ ਉਹ ਲੋਕ ਸਿਰਫ਼ 30 ਦਿਨਾਂ ਤੱਕ ਇੱਥੇ ਰੁਕ ਸਕਣਗੇ।

ਯੂ ਐਸ ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਬੁਲਾਰੇ ਮੈਥਿਊ ਬੋਰਕ ਨੇ ਦਿ ਨਿਊਯਾਰਕ ਟਾਈਮਜ਼ ਨੂੰ ਦੱਸਿਆ ਕਿ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਸਮੇਤ 31 ਅਫ਼ਗਾਨਾਂ ਨੇ ਪੱਕੀ ਰਿਹਾਇਸ਼ ਲਈ ਅਰਜ਼ੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕੱਲ੍ਹ ਇੱਕ ਕਾਰਜਕਾਰੀ ਆਦੇਸ਼ ਉੱਤੇ ਦਸਤਖ਼ਤ ਕੀਤੇ, ਜਿਸ ਵਿੱਚ ਅਮਰੀਕਾ ਵਿੱਚ ਜਮ੍ਹਾ ਅਫ਼ਗਾਨ ਸੈਂਟਰਲ ਬੈਂਕ ਤੋਂ ਸੱਤ ਬਿਲੀਅਨ ਅਮਰੀਕੀ ਡਾਲਰ ਮਨੁੱਖੀ ਟਰੱਸਟ ਅਤੇ ਅੱਤਵਾਦ ਪੀੜਤਾਂ ਨੂੰ ਮੁਆਵਜ਼ੇ ਦੇ ਤੌਰ ਉੱਤੇ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ।

## ਸ਼ਿਵਸੈਨਾ ਆਗੂ ਸੰਜੇ ਦਾ ਦਾਅਵਾ:

# ਭਾਜਪਾ ਦੇ ਕੁਝ ਆਗੂ ਅਗਲੇ ਕੁਝ ਦਿਨਾਂ ਵਿੱਚ ਜੇਲ੍ਹ ਵਿੱਚ ਹੋਣਗੇ

ਮੁੰਬਈ, 15 ਫਰਵਰੀ (ਪੋਸਟ ਬਿਊਰੋ)- ਸ਼ਿਵਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਕੇਂਦਰੀ ਏਜੰਸੀਆਂ ਦੀ ਵਰਤੋਂ ਦੀ ਧਮਕੀ ਨਹੀਂ ਦੇਣੀ ਚਾਹੀਦੀ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂ ਆਉਣ ਵਾਲੇ ਕੁਝ ਦਿਨਾਂ ਵਿੱਚ ਜੇਲ੍ਹ ਵਿੱਚ ਹੋਣਗੇ।

ਸੰਜੇ ਰਾਊਤ ਨੇ ਉਨ੍ਹਾਂ ਆਗੂਆਂ ਦੇ ਨਾਂ ਨਹੀਂ ਦੱਸੇ, ਪਰ ਇਹ ਦਾਅਵਾ ਕੀਤਾ ਕਿ ਪਿਛਲੇ ਸਾਲ ਨਵੰਬਰ ਵਿੱਚ ਮਨੀ ਲਾਂਡਰਿੰਗ ਕੇਸ ਵਿੱਚ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਵੱਲੋਂ ਗ੍ਰਿਫ਼ਤਾਰ ਇਸ ਸੂਬੇ ਦੇ ਸਾਬਕਾ ਮੰਤਰੀ ਅਨਿਲ ਦੇਸ਼ਮੁਖ ਜਲਦੀ ਹੀ ਜੇਲ੍ਹਵਿੱਚੋਂ ਬਾਹਰ ਆਉਣਗੇ। ਵਰਣਨ ਯੋਗ ਹੈ ਕਿ ਭਾਜਪਾ ਨੇ ਬੀਤੇ ਵਿੱਚ ਮਹਾਰਾਸ਼ਟਰ ਵਿੱਚ ਉਧਵ ਠਾਕਰੇ ਦੀ ਅਗਵਾਈ ਵਾਲੀ 'ਮਹਾਂ ਵਿਕਾਸ ਅਗਾੜੀ' ਸਰਕਾਰ ਦੇ ਆਗੂਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਸੰਜੇ ਰਾਊਤ ਨੇ ਕਿਹਾ ਕਿ ਸ਼ਿਵਸੈਨਾ ਅਤੇ ਠਾਕਰੇ ਪਰਵਾਰ ਵਿਰੁੱਧ ਲਾਏ ਸਾਰੇ ਝੂਠੇ ਦੋਸ਼ਾਂ ਅਤੇ ਕੇਂਦਰੀ ਏਜੰਸੀਆਂ ਦੀ 'ਦਾਦਾਗਿਰੀ' ਦਾ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, ''ਸਾਨੂੰ ਕੇਂਦਰੀ ਏਜੰਸੀਆਂ ਦੇ ਇਸਤੇਮਾਲ ਦੀ ਧਮਕੀ ਨਾ ਦਿਓ। ਅਸੀਂ ਡਰਨ ਵਾਲੇ ਨਹੀਂ। ਤੁਸੀਂ ਜੋ ਚਾਹੋ ਕਰੋ, ਮੈਨੂੰ ਨਹੀਂ ਡਰਾ ਸਕਦੇ.. ਉਹ ਕਹਿੰਦੇ ਰਹਿੰਦੇ ਹਨ ਕਿ ਅਨਿਲ ਦੇਸ਼ਮੁੱਖ ਨਾਲ ਫਲਾਣੇ-ਫਲਾਣੇ ਆਗੂ ਜੇਲ੍ਹ ਜਾਣਗੇ। ਮੈਨੂੰ ਲੱਗਦਾ ਹੈ ਕਿ ਭਾਜਪਾ ਦੇ ਕੁਝ ਲੋਕ ਅਗਲੇ ਕੁਝ ਦਿਨਾਂ ਵਿੱਚ ਅਨਿਲ ਦੇਸ਼ਮੁਖ ਦੀ ਕੋਠੜੀ ਵਿੱਚ ਹੋਣਗੇ ਤੇ ਦੇਸ਼ਮੁਖ ਬਾਹਰ ਹੋਣਗੇ।'' ਰਾਊਤ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਦੀ ਨੀਂਦ ਗਾਇਬ ਹੋ ਗਈ ਹੈ ਅਤੇ ਹਰ ਕੋਈ ਜਾਣਦਾ ਹੈ ਕਿ ਉਹ ਕਿਸ ਬਾਰੇ ਗੱਲ ਕਰ ਰਹੇ ਹਨ।

## ਪ੍ਰਾਫਿਟ ਐਂਡ ਪਾਲੀਟਿਕਸ:

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਕਾਰੋਬਾਰੀ ਪੱਖੋਂ ਸਰਗਰਮ



ਨਿਊ ਯਾਰਕ, 15 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਹੁਦੇ ਤੋਂ ਹਟਣ ਦੇ ਬਾਅਦ ਵੀ ਕਰੋੜਾਂ ਡਾਲਰ ਦੀ ਕਮਾਈ ਕਰ ਰਹੇ ਹਨ। ਉਹ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜੋ ਕਾਰੋਬਾਰੀ ਤੌਰ ਉੱਤੇ ਸਰਗਰਮ ਹਨ। ਟਰੰਪ ਦੇ ਨਾਲ ਹਾਈ ਟੀ, ਯਾਨੀ ਚਾਹ ਪੀਣ ਦਾ ਰੇਟ 37 ਲੱਖ ਰੁਪਏ ਹੈ। ਜੇ ਕਿਸੇ ਸਮਰਥਕ ਨੇ ਟਰੰਪ ਨਾਲ ਫੋਟੋ ਖਿਚਵਾਉਣੀ ਹੈ ਤਾਂ ਇਸ ਦੇ ਲਈ ਉਸ ਨੂੰ 22 ਲੱਖ ਰੁਪਏ ਤਕ ਖਰਚ ਕਰਨੇ ਪੈਣਗੇ। ਟਰੰਪ ਨੇ ਪਿਛਲੇ ਇੱਕ ਸਾਲ ਵਿੱਚ ਆਪਣੀ ਕੋਠੀ ਟੇਬਲ ਬੁੱਕ ਤੋਂ ਲਗਭਗ 506 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਟਰੰਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਵੀ ਧਨ ਕੁਬੇਰ ਸਨ। ਰੀਅਲ ਅਸਟੇਟ, ਗੋਲਡ ਬਾਰ, ਫਾਇਨੈਂਸ ਅਤੇ ਹੋਰ ਕਈ ਕਾਰੋਬਾਰ ਉਹ ਚਲਾਉਂਦੇ ਸਨ। ਇਹ ਦੁਨੀਆ ਵਿੱਚ ਫੈਲੇ ਹੋਏ ਹਨ, ਪਰ ਸਾਬਕਾ ਰਾਸ਼ਟਰਪਤੀ ਦੇ ਰੂਪ ਵਿੱਚ ਉਨ੍ਹਾਂ ਦਾ ਕਾਰੋਬਾਰ ਹੋਰ ਵੀ ਫੈਲ ਗਿਆ ਹੈ।

ਦਸੰਬਰ ਵਿੱਚ ਫਲੋਰੀਡਾ ਵਿੱਚ ਇੱਕ ਕ੍ਰਿਸਮਸ ਇਵੈਂਟ ਦੇ ਲਈ ਟਰੰਪ ਨੇ ਕਰੋੜਾਂ ਰੁਪਏ ਦੀ ਕਮਾਈ ਕੀਤੀ। ਇਹ ਸਾਰੇ ਫੰਡ ਰੇਜ਼ਿੰਗ ਇਵੈਂਟ ਤੋਂ ਹੋਣ ਵਾਲੀ ਕਮਾਈ ਟਰੰਪ ਦੀਆਂ ਰਾਜਨੀਤਕ ਮੁਹਿੰਮਾਂ ਲਈ ਨਹੀਂ ਜਾਂਦੀ। ਇਹ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਖਾਤੇ ਵਿੱਚ ਨਾ ਜਾ ਕੇ ਟਰੰਪ ਕੋਲ ਜਾਂਦੀ ਹੈ। ਟਰੰਪ ਦੇ ਇੱਕ ਇਵੈਂਟ ਵਿੱਚ ਆਏ ਡੈਨੀਅਲ ਪੋਪੇਸਕਿਊ ਦਾ ਕਹਿਣਾ ਹੈ ਕਿ ਟਰੰਪ ਬਾਰ ਵਿੱਚ ਬੇਸ਼ੱਕ ਤੁਹਾਨੂੰ ਡਰਿੰਕ ਮਹਿੰਗੇ ਮਿਲੇ, ਪ੍ਰੰਤੂ ਇੱਥੇ ਆ ਕੇ ਤੁਹਾਨੂੰ ਤਸੱਲੀ ਮਿਲਦੀ ਹੈ ਕਿ ਤੁਸੀਂ ਅਮਰੀਕਾ ਦੇ ਇੱਕ ਮਹਾਨ ਰਾਸ਼ਟਰਪਤੀ ਦੇ ਨਾਲ ਹੋ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਓਬਾਮਾ ਬੁਕ ਰਾਇਲਟੀ, ਬਿਲ ਕਲਿੰਟਨ ਸਪੀਚ ਮੇਕਿੰਗ ਅਤੇ ਜਾਰਜ ਡਬਲਯੂ ਬੁਸ਼ ਕੇਵਲ ਸਪੀਚ ਮੇਕਿੰਗ ਤੋਂ ਪੈਸੇ ਕਮਾਉਂਦੇ ਰਹੇ ਹਨ। ਟਰੰਪ ਦਾ ਬਿਜ਼ਨਸ ਮਾਡਲ ਅਮਰੀਕਾ ਵਿੱਚ ਸਭ ਤੋਂ ਅਨੋਖਾ ਹੈ।ਟਰੰਪ ਦੀ ਮੇਕ ਅਮਰੀਕਾ ਗ੍ਰੇਟ ਅਗੇਨ ਦੇ ਕੈਪਸ਼ਨ ਵਾਲੀ ਕੈਪ ਅਤੇ ਟੀ-ਸ਼ਰਟ ਦੀ ਸਭ ਤੋਂ ਜ਼ਿਆਦਾ ਡਿਮਾਂਡ ਰਹਿੰਦੀ ਹੈ। 3700 ਰੁਪਏ ਦੀ ਕੀਮਤ ਵਾਲੀ ਟੋਪੀ ਹੱਥੋ-ਹੱਥ ਵਿਕ ਜਾਂਦੀ ਹੈ।

# ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀਆਂ ਕੋਲੋਂ ਐਂਬੂਲੈਂਸ-ਜੈਮਰ ਦੀ ਸਕਿਓਰਿਟੀ ਵੀ ਵਾਪਸ ਲਈ



ਸ੍ਰੀਨਗਰ, 15 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਚਾਰ ਸਾਬਕਾ ਮੁੱਖ ਮੰਤਰੀਆਂ ਨੂੰ ਮਿਲੀ ਸੁਰੱਖਿਆ ਇੱਕ ਵਾਰ ਫਿਰ ਘਟਾ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੇਂਦਰੀ ਸ਼ਾਸਤ ਸੂਬੇ ਦੇ ਪ੍ਰਸ਼ਾਸਨ ਨੇ ਸ੍ਰੀਨਗਰ ਜ਼ਿਲ੍ਹੇ ਦੇ ਅੰਦਰ ਆਵਾਜਾਈ ਦੌਰਾਨ ਸਾਬਕਾ ਮੁੱਖ ਮੰਤਰੀਆਂ ਨੂੰ ਮਿਲੀ ਜੈਮਰ ਤੇ ਐਂਬੂਲੈਂਸ ਦੀ ਸਹੂਲਤ ਨੂੰ ਹਟਾਉਣ ਦਾ ਫ਼ੈਸਲਾ ਲਿਆ ਹੈ। ਇਸ ਤੋਂ ਪਹਿਲਾਂ ਫਾਰੂਕ ਅਬਦੁੱਲਾ, ਗੁਲਾਮ ਨਬੀ ਆਜ਼ਾਦ, ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਨੂੰ ਮਿਲੇ ਵਿਸ਼ੇਸ਼ ਸੁਰੱਖਿਆ ਗਰੁੱਪ (ਐਸ ਐਸ ਜੀ) ਦੇ ਸੁਰੱਖਿਆ ਕਵਚ ਵਾਪਸ ਲੈ ਲਏ ਸਨ।

ਅਧਿਕਾਰੀਆਂ ਨੇ ਕਿਹਾ ਕਿ ਇੰਟਰ ਜ਼ਿਲ੍ਹਾ ਆਵਾਜਾਈ ਦੌਰਾਨ ਚਾਰੇ ਸਾਬਕਾ ਮੁੱਖ ਮੰਤਰੀਆਂ ਨੂੰ ਜੈਮਰ ਅਤੇ ਐਂਬੂਲੈਂਸ ਦੀ ਸਹੂਲਤ ਮਿਲਦੀ ਰਹੇਗੀ। ਰਾਜਨੀਤੀ ਵਿੱਚ ਲੰਮੇ ਤਜਰਬੇ ਵਾਲੇ ਆਗੂ ਅਤੇ ਲੋਕ ਸਭਾ ਪਾਰਲੀਮੈਂਟ ਮੈਂਬਰ ਫ਼ਾਰੂਕ ਅਬਦੁੱਲਾ ਨੇ ਕੱਲ੍ਹ ਸ੍ਰੀਨਗਰ ਦੀ ਮਸ਼ਹੂਰ ਹਜ਼ਰਤਬਲ ਦਰਗਾਹ ਅਤੇ ਦਸਗੀਰ ਸਾਬ ਵਿੱਚ ਪ੍ਰਾਰਥਨਾ ਕੀਤੀ, ਪਰ ਉੱਥੇ ਕੋਈ ਐਂਬੂਲੈਂਸ ਜਾਂ ਜੈਮਰ ਨਹੀਂ ਦਿਸਿਆ। ਜੈਮਰ ਸਿਗਨਲ ਨੂੰ ਰੋਕਣ ਦਾ ਕੰਮ ਕਰਦਾ ਹੈ ਤਾਂ ਕਿ ਅੱਤਵਾਦ ਪ੍ਰਭਾਵਤ ਖੇਤਰਾਂ ਵਿੱਚ ਆਈ ਈ ਡੀ ਵਰਗੇ ਵਿਸਫੋਟਕ ਪਦਾਰਥਾਂ ਵਿੱਚ ਰਿਮੋਟ ਰਾਹੀਂ ਦੂਰੋਂ ਵਿਸਫੋਟ ਨਾ ਕੀਤਾ ਜਾ ਸਕੇ। ਐਂਬੂਲੈਂਸ ਦੀ ਸਹੂਲਤ ਯਾਤਰਾ ਦੌਰਾਨ ਐਮਰਜੈਂਸੀ ਮੈਡੀਕਲ ਨਾਲ ਸੰਬੰਧਤ ਲੋੜਾਂ ਨੂੰ ਪੂਰਾ ਕਰਨ ਲਈ ਦਿੱਤੀ ਜਾਂਦੀ ਹੈ। ਜੰਮੂ-ਕਸ਼ਮੀਰ ਵਿਧਾਨ ਸਭਾ ਨੇ ਸਾਲ 2000 ਵਿੱਚ ਕਾਨੂੰਨ ਬਣਾ ਕੇ ਐਸ ਐਸ ਜੀ ਦਾ ਪ੍ਰਬੰਧ ਕੀਤਾ ਸੀ। ਇਸ ਦੇ ਅਧੀਨ ਮੁੱਖ ਮੰਤਰੀ ਅਤੇ ਸਾਬਕਾ ਮੁੱਖ ਮੰਤਰੀਆਂ ਨੂੰ ਐਸ ਐਸ ਜੀ ਸੁਰੱਖਿਆ ਦਿੱਤੀ ਜਾ ਰਹੀ ਸੀ, ਪਰ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਾਰੇ ਚਾਰੋਂ ਸਾਬਕਾ ਮੁੱਖ ਮੰਤਰੀਆਂ ਦੀ ਐਸ ਐਸ ਜੀ ਸੁਰੱਖਿਆ ਕਵਚ ਹਟਾ ਕੇ ਉਨ੍ਹਾਂ ਦੀ ਸੁਰੱਖਿਆ ਜੰਮੂ ਕਸ਼ਮੀਰ ਪੁਲਸ ਦੀ ਸੁਰੱਖਿਆ ਬਰਾਂਚ ਨੂੰ ਦੇ ਦਿੱਤੀ ਹੈ, ਜਿਸ ਵਿੱਚ ਕੇਂਦਰੀ ਹਥਿਆਰਬੰਦ ਨੀਮ ਫ਼ੌਜੀ ਬਲ ਮਦਦ ਕਰਨਗੇ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ, ਜਦੋਂ ਸ੍ਰੀਨਗਰ ਵਿੱਚ ਪਿਛਲੇ ਸਾਲ ਤੋਂ ਅੱਤਵਾਦ ਨਾਲ ਸੰਬੰਧਤ ਹਿੰਸਾ ਦੇਖੀ ਜਾ ਰਹੀ ਹੈ।

ਜੰਮੂ ਕਸ਼ਮੀਰ ਵਿੱਚ ਉਮਰ ਅਬਦੁੱਲਾ ਤੇ ਮਹਿਬੂਬਾ ਨੂੰ ਵੀ ਜ਼ੈਡ ਪਲੱਸ ਸੁਰੱਖਿਆ ਮਿਲਦੀ ਰਹੇਗੀ ਪਰ ਕੇਂਦਰ ਸ਼ਾਸਤ ਪ੍ਰਦੇਸ਼ ਤੋਂ ਬਾਹਰ ਇਨ੍ਹਾਂ ਦੀ ਸੁਰੱਖਿਆ ਵਿਵਸਥਾ ਵਿੱਚ ਕਮੀ ਕੀਤੇ ਜਾਣ ਦੀ ਸੰਭਾਵਨਾ ਹੈ।

# ਵੱਖ-ਵੱਖ ਸੜਕੀ ਹਾਦਸਿਆਂ ਵਿੱਚ 15 ਮਰੇ, 16 ਜ਼ਖ਼ਮੀ

ਸੀਤਾਪੁਰ (ਯੂ ਪੀ), 15 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਸੀਤਾਪੁਰ ਜ਼ਿਲ੍ਹੇ ਦੇ ਮਹਿਮੂਦਾਬਾਦ ਇਲਾਕੇ ਵਿੱਚ ਇੱਕ ਜੀਪ ਅਤੇ ਕਾਰ ਦੀ ਟੱਕਰ ਵਿੱਚ ਚਾਰ ਜਣੇ ਮਾਰੇ ਗਏ ਹਨ।

ਇੱਕ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਸੁਰਜੀਤ ਯਾਦਵ, ਅਜੀਤ ਕੁਮਾਰ ਸਿੰਘ, ਕਮਲਾ ਅਤੇ ਸੀਮਾ ਸਿੰਘ ਵਜੋਂ ਹੋਈ ਹੈ। ਇਹ ਹਾਦਸਾ ਧੰਨੀਪੁਰਵਾ ਪਿੰਡ ਨੇੜੇ ਵਾਪਰਿਆ। ਇਸ ਦੌਰਾਨ ਕੱਲ੍ਹ ਅਰੁਣਾਚਲ ਪ੍ਰਦੇਸ਼ ਦੇ ਕਰਾ ਦਾਦੀ ਜ਼ਿਲ੍ਹੇ ਵਿੱਚ ਇੱਕ ਪਿਕਅਪ ਵੈਨ ਦੇ ਖੱਡ ਵਿੱਚ ਡਿੱਗਣ ਨਾਲ ਉਸ ਵਿੱਚ ਸਵਾਰ ਚਾਰ ਔਰਤਾਂ ਦੀ ਮੌਤ ਹੋ ਗਈ, ਜਦ ਕਿ 15 ਜਣੇ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਪੁਲਸ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਇਹ ਯਾਤਰੀ ਤਾਲੀ ਤੋਂ ਪਾਲਿਨ ਵੱਲ ਜਾ ਰਹੇ ਸਨ।

ਇਸੇ ਤਰ੍ਹਾਂ ਝਾਰਖੰਡ ਦੇ ਸੇਰਾਈਕੇਲਾ-ਖਰਸਾਵਾਂ ਜ਼ਿਲ੍ਹੇ ਵਿੱਚ ਮੋਟਰ ਸਾਈਕਲ ਉੱਤੇ ਸਵਾਰ ਤਿੰਨ ਜਣਿਆਂ ਦੀ ਟਰੱਕ ਹੇਠ ਆਉਣ ਕਾਰਨ ਮੌਕੇ ਉੱਤੇ ਮੌਤ ਹੋ ਗਈ। ਇਹ ਘਟਨਾ ਐਤਵਾਰ ਸ਼ਾਮ ਉਸ ਸਮੇਂ ਵਾਪਰੀ ਜਦੋਂ ਇਹ ਨੌਜਵਾਨ ਸਿਨੀ ਵਿੱਚ ਇੱਕ ਫੁੱਟਬਾਲ ਮੈਚ ਖੇਡਣ ਮਗਰੋਂ ਘਰ ਮੁੜ ਰਹੇ ਸਨ।

ਮੱਧ ਪ੍ਰਦੇਸ਼ ਦੇ ਰਤਲਾਮ ਸ਼ਹਿਰ ਵਿੱਚ ਪੈਂਦੇ ਪ੍ਰਕਾਸ਼ ਨਗਰ ਇਲਾਕੇ ਵਿੱਚ ਇੱਕ ਤੇਜ਼ ਰਫ਼ਤਾਰ ਕਾਰ ਦੇ ਇੱਕ ਛੋਟੇ ਪੁਲ ਨਾਲ ਟਕਰਾਉਣ ਕਾਰਨ ਉਸ ਵਿੱਚ ਸਵਾਰ ਇੱਕ ਪਰਵਾਰ ਦੇ ਚਾਰ ਜਣਿਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਇੱਕ ਨਵ-ਵਿਆਹਿਆ ਜੋੜਾ ਵੀ ਸ਼ਾਮਲ ਸੀ, ਜਦ ਕਿ ਇੱਕ ਔਰਤ ਜ਼ਖ਼ਮੀ ਹੋ ਗਈ।

# ਧਰਤੀ ਉਤੇ ਨਜ਼ਰ ਰੱਖਣ ਵਾਲਾ ਉਪ-ਗ੍ਰਹਿ ਸਫ਼ਲਤਾ ਨਾਲ ਸਥਾਪਤ



ਸ੍ਰੀਹਰੀਕੋਟਾ, 15 ਫਰਵਰੀ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ 2022 ਦੇ ਆਪਣੇ ਪਹਿਲੇ ਲਾਂਚਿੰਗ ਮਿਸ਼ਨ ਤਹਿਤ ਧਰੁਵੀ ਸੈਟੇਲਾਈਟ ਲਾਂਚ ਵਾਹਨ (ਪੀ ਐਸ ਐਲ ਵੀ-52) ਜ਼ਰੀਏ ਧਰਤੀ ਉੱਤੇ ਨਜ਼ਰ ਰੱਖਣ ਵਾਲੇ ਸੈਟੇਲਾਈਟ ਈ ਓ ਐਸ-04 ਅਤੇ ਦੋ ਛੋਟੇ ਸੈਟੇਲਾਈਟਾਂ ਨੂੰ ਕੱਲ੍ਹ ਸਫ਼ਲਤਾ ਨਾਲ ਪਲਾੜ ਦੇ ਪੰਧ ਵਿੱਚ ਸਥਾਪਤ ਕਰ ਦਿੱਤਾ ਹੈ। ਇਸਰੋ ਨੇ ਇਸ ਨੂੰ ਹੈਰਾਨੀਜਨਕ ਪ੍ਰਾਪਤੀ ਦੱਸਿਆ ਹੈ।

ਪੁਲਾੜ ਏਜੰਸੀ ਦੇ ਲਾਂਚਿੰਗ ਵਾਹਨ ਪੀ ਐਸ ਐਲ ਵੀ-52 ਨੇ 25 ਘੰਟਿਆਂ ਦੀ ਉਲਟੀ ਗਿਣਤੀ ਪਿੱਛੋਂ ਸਵੇਰੇ 5.59 ਵਜੇ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਦੇ ਪਹਿਲੇ ਲਾਂਚਿੰਗ ਪੈਡ ਤੋਂ ਉਡਾਣ ਭਰੀ। ਇਹ 2022 ਦਾ ਪਹਿਲਾਂ ਲਾਂਚ ਮਿਸ਼ਨ ਹੈ। ਈ ਓ ਐਸ-04 ਦੇ ਨਾਲ ਦੋ ਹੋਰ ਸੈਟੇਲਾਈਟ ਵੀ ਲਾਂਚ ਕੀਤੇ ਗਏ ਹਨ, ਜੋ ਧਰਤੀ ਤੋਂ ਲੱਗਭਗ 529 ਕਿਲੋਮੀਟਰ ਉੱਪਰ ਸੂਰਜ-ਸਮਕਾਲੀ ਪੰਧ ਵਿੱਚ ਰੱਖੇ ਗਏ ਹਨ। ਲਾਂਚਿੰਗ ਡਾਇਰੈਕਟਰ ਵੱਲੋਂ ਤਿੰਨੋਂ ਸੈਟੇਲਾਈਟਾਂ ਨੂੰ ਸਫ਼ਲਤਾ ਨਾਲ ਆਰਬਿਟ ਵਿੱਚ ਕਾਇਮ ਕਰਨ ਪਿੱਛੋਂ ਮਿਸ਼ਨ ਕੰਟਰੋਲ ਰੂਮ ਵਿੱਚ ਖ਼ੁਸ਼ੀ ਦਾ ਮਾਹੌਲ ਬਣ ਗਿਆ। ਇਸਰੋ ਦੇ ਮੁੱਖੀ ਐਸ ਸੋਮਨਾਥ ਨੇ ਕਿਹਾ ਪੀ ਐਸ ਐਲ ਵੀ-52/ਈ ਓ ਐਸ 04 ਦਾ ਮਿਸ਼ਨ ਸਫ਼ਲਤਾ ਨਾਲ ਪੂਰਾ ਹੋ ਗਿਆ ਹੈ। ਸੰਜੋਗ ਨਾਲ ਅੱਜ ਦਾ ਲਾਂਚਿੰਗ ਮਿਸ਼ਨ ਸੋਮਨਾਥ ਦੇ ਪਿੱਛੇ ਜਿਹੇ ਪੁਲਾੜ ਵਿਭਾਗ ਦੇ ਸੈਕਟਰੀ ਅਤੇ ਪੁਲਾੜ ਕਮਿਸ਼ਨ ਦੇ ਪ੍ਰਧਾਨ ਦਾ ਕਾਰਜਭਾਰ ਸੰਭਾਲਣ ਤੋਂ ਬਾਅਦ ਪਹਿਲਾ ਮਿਸ਼ਨ ਸੀ ਹੈ। ਈ ਓ ਐਸ-04 ਇੱਕ 'ਰਾਡਾਰ ਇਮੇਜਿੰਗ ਸੈਟੇਲਾਈਟ' ਹੈ, ਜਿਸ ਨੂੰ ਖੇਤੀ, ਜੰਗਲਾਤ, ਬੂਟੇ ਲਾਉਣਾ, ਮਿੱਟੀ ਦੀ ਨਮੀ ਅਤੇ ਜਲ ਵਿਗਿਆਨ ਅਤੇ ਹੜ੍ਹ ਮੈਪਿੰਗ ਵਰਗੀਆਂ ਐਪਲੀਕੇਸ਼ਨਾਂ ਤੇ ਸਾਰੀਆਂ ਮੌਸਮੀ ਸਥਿਤੀਆਂ ਵਿੱਚ ਉਚ ਗੁਣਵੱਤਾ ਵਾਲੀਆਂ ਤਸਵੀਰਾਂ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

# ਭਾਰਤ ਵੱਲੋਂ ਚੀਨ ਨਾਲ ਸਬੰਧਤ 54 ਮੋਬਾਈਲ ਐਪਾਂ ਉਤੇ ਪਾਬੰਦੀਆਂ




ਨਵੀਂ ਦਿੱਲੀ, 15 ਫਰਵਰੀ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਚੀਨ ਨਾਲ ਸੰਬੰਧ ਰੱਖਦੀਆਂ 54 ਮੋਬਾਈਲ ਐਪਾਂ ਨੂੰ ਸੁਰੱਖਿਆ ਅਤੇ ਪ੍ਰਾਈਵੇਸੀ ਨਾਲ ਜੁੜੇ ਮਸਲਿਆਂ ਉੱਤੇ ਪਾਬੰਦੀਸ਼ੁਦਾ ਕਰ ਦਿੱਤਾ ਹੈ।

ਬੰਦ ਕੀਤੀਆਂ ਗਈਆਂ ਐਪਸ ਵਿੱਚ ਟੈਂਸੈਂਟ ਐਕਸਰਾਈਵਰ, ਨਾਈਸ ਵੀਡੀਓ ਬਾਇਡੂ ਅਤੇ ਵੀਵਾ ਵੀਡੀਓ ਐਡੀਟਰ ਸ਼ਾਮਲ ਹਨ। ਜਾਣਕਾਰ ਸੂਤਰਾਂ ਮੁਤਾਬਕ ਪਾਬੰਦੀਸ਼ੁਦਾ ਕੀਤੇ 54 ਚੀਨੀ ਐਪਸ ਨੇ ਖ਼ਤਰਨਾਕ ਤੋਂ ਅਹਿਮ ਮਨਜ਼ੂਰੀਆਂ ਹਾਸਲ ਕਰ ਕੇ ਉਨ੍ਹਾਂ ਤੋਂ ਸੰਵੇਦਨਸ਼ੀਲ ਸੂਚਨਾਵਾਂ ਇਕੱਠੀਆਂ ਕੀਤੀਆਂ ਸਨ। ਇਹ ਐਪ ਖਪਤਕਾਰਾਂ ਤੋਂ ਇਕੱਠੀ ਕੀਤੀ ਜਾਣਕਾਰੀ ਦੀ ਦੁਰਵਰਤੋਂ ਕਰਦੇ ਅਤੇ ਉਸ ਨੂੰ ਵਿਰੋਧੀ ਦੇਸ਼ ਦੇ ਸਰਵਰਾਂ ਨੂੰ ਭੇਜਦੇ ਸਨ। ਜੋ ਦੇਸ਼ ਦੀ ਅਖੰਡਤਾ ਅਤੇ ਖ਼ੁਦਮੁਖਤਿਆਰੀ ਨੂੰ ਖ਼ਤਰੇ ਵਿੱਚ ਪਾਉਣ ਵਾਲੀਆਂ ਸਰਗਰਮੀਆਂ ਵਿੱਚ ਸ਼ਾਮਲ ਪਾਏ ਗਏ ਸਨ।












ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com











Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

Top 1% Broker

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



## Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

**New registrants must have an assessment prior to the start of the program.**

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**

For more info and to register, contact JSW@jvstoronto.org

www.jvstoronto.org

Funded by: Immigration, Refugees and Citizenship Canada · Financé par : Immigration, Réfugiés et Citoyenneté Canada

United Way Greater Toronto · UJA FEDERATION of Greater Toronto






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017